ਐਤਵਾਰ ਸੈਪਸ਼ਲ

ਐਤਵਾਰ, 06 ਅਕਤੂਬਰ 2024

# ਲੋਕ ਬਾਣੀ

# ਇੱਕ ਸਦੀ ਦੀ ਕਹਾਣੀ ਬਿਆਨ ਕਰਦਾ ਦੁਸਹਿਰਾ ਖਰੜ ਦਾ

ਦੇਸ਼ ਭਰ 'ਚ ਦੁਸਹਿਰੇ ਦਾ ਤਿਉਹਾਰ ਆਪੋ-ਆਪਣੀਆਂ ਪ੍ਰੰਪਰਾਵਾਂ ਦੇ ਨਾਲ ਮਨਾਇਆ ਜਾਂਦਾ ਹੈ। ਜੇਕਰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਅੰਦਰ ਮਨਾਏ ਜਾਂਦੇ ਦੁਸਹਿਰੇ ਦੇ ਤਿਉਹਾਰ ਦੀ ਗੱਲ ਕੀਤੀ ਜਾਵੇ ਤਾਂ ਖੈੜ,ਖਰੜ ਦਾ ਦੁਸਹਿਰਾ ਪੰਜਾਬ ਭਰ 'ਚ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ 'ਚ ਵਸਦੇ ਲੋਕਾਂ ਦੇ ਦਿਲਾਂ ਅੰਦਰ ਗੂੜੀ ਪਛਾਣ ਰੱਖਦਾ ਹੈ। ਲਗਭਗ ਇੱਕ ਸਦੀ ਤੋਂ ਵੱਧ



ਦੀ ਕਹਾਣੀ ਬਿਆਨ ਕਰਦਾ ਖਰੜ ਦਾ ਦੁਸਹਿਰਾ ਧਾਰਮਿਕ ਪ੍ਰੰਪਰਾ ਅਤੇ ਮਰਿਆਦਾ ਦੀ ਲੜੀ 'ਚ ਗੁਜਰਦਾ ਹੋਇਆ 12 ਅਕਤੂਬਰ ਨੂੰ ਆਪ ਸਭ ਦਾ ਸਵਾਗਤ ਕਰਦਾ ਹੋਇਆ ਤੁਹਾਨੂੰ ਸਾਰੀਆਂ ਨੂੰ 'ਜੀ ਆਇਆਂ ਨੂੰ' ਆਖਦਾ ਹੈ। ਖਰੜ ਦੇ ਦੁਸਹਿਰੇ ਦੇ ਤਿਉਹਾਰ ਨੂੰ ਲੈ ਕੇ ਖਰੜ ਸ਼ਹਿਰ ਦੀਆਂ ਕਈ ਸ਼ਨਮਾਨਯੋਗ ਸਖ਼ਸ਼ੀਅਤਾਂ ਨਾਲ ਗੱਲਬਾਤ ਕਰਕੇ ਇੱਕਠੀ ਕੀਤੀ ਜਾਣਕਾਰੀ ਆਪ ਸਭ ਦੇ ਨਾਲ ਸਾਂਝੇ ਕਰਦੇ ਹਾਂ।

### ਪੈਦਲ ਝਾਕੀਆਂ ਦੀ ਪ੍ਰੰਪਰਾ

ਸੰਨ 1944 ਦੇ ਕਰੀਬ ਸ਼ਹਿਰ ਖਰੜ 'ਚ ਦੋ ਰਾਮ ਲੀਲਾ ਦਾ ਮੰਚਨ ਹੁੰਦਾ ਸੀ। ਇੱਕ ਰਾਤ ਵੇਲੇ ਜੋ ਕਿ ਪੁਰਾਣਾ ਧੋਬੀਆਂ ਵਾਲੇ ਮੁਹੱਲੇ ਵਿਖੇ ਹੁੰਦੀ ਸੀ। ਦੂਸਰੀ ਰਾਮ ਲੀਲਾ ਦਾ ਮੰਚਨ ਦਿਨ ਵੇਲੇ ਹੁੰਦੀ ਸੀ। ਇਨਾਂ ਵਲੋਂ ਪਹਿਲੇ ਨਵਰਾਤੇ ਤੋਂ ਲੈ ਕੇ ਦੁਸਹਿਰੇ ਤੱਕ ਸੰਵਾਗ ਰੂਪੀ ਝਾਕੀਆਂ ਕੱਢਿਆਂ ਜਾਂਦੀਆਂ ਸਨ। ਬੱਚਿਆਂ ਨੂੰ ਤਿਆਰ ਕਰਕੇ ਢੋਲ ਨਾਲ ਪੈਦਲ ਤੋਰਿਆ ਜਾਂਦਾ ਸੀ। ਇਸ ਯਾਤਰਾ ਦਾ ਰੂਟ ਨਾਲ ਸੂਥਰੇਆਂ ਦੀ ਧਰਮਾਸ਼ਾਲਾ ਤੋਂ ਚੱਲ ਕੇ ਮਿੱਠਾ ਖੂਹ,ਪੂਰਨ ਕਰਿਆਨੇ ਵਾਲੇ ਦੀ ਦੁਕਾਨ,ਬਾਬੂ ਬਨਾਰਸੀ ਘਰ,ਇਮਲੀ ਵਾਲੇ ਮੰਦਿਰ ਦੇ ਛੋਟਾ ਗੇਟ ਤੋਂ ਹੁੰਦੇ ਹੋਏ ਪੱਥਰਾਂ ਵਾਲਾ ਖੂਹ,ਜਨਤਾ ਚੌਂਕ,ਮਸਜਿਦ,ਮੇਨ ਬਾਜਾਰ,ਸਰਾਫ਼ਾ ਬਾਜਾਰ,ਬਰਖੇ ਦੀ ਦੁਕਾਨ,ਸ਼ਾਮ ਲਾਲ ਬਜਾਜ ਦੀ ਦੁਕਾਨ,ਖਾਲਸਾ ਸਕੂਲ ਦੇ ਬੋਰਡਿੰਗ ਨੇੜੇ ਪੰਡਿਤ ਦਿਨਾਂ ਨਾਥ ਜੋਤਸ਼ੀ ਦੁਕਾਨ ਤੋਂ ਅੱਗੇ ਵਧਦੇ ਹੋਏ ਇਮਲੀ ਵਾਲੇ ਮੰਦਿਰ ਦਾ ਪੱਛਮ ਵਾਲਾ ਗੇਟ,ਕੁੰਦਨ ਦਾ ਖੂਹ (ਨੇੜੇ ਖੇੜਾ) ਤੋਂ ਵਾਪਿਸ ਸੂਥਰੇਆਂ ਦੀ ਧਰਮਸ਼ਾਲਾ ਵਿਖੇ ਹੀ ਸੰਪੂਰਨ ਹੁੰਦਿਆਂ ਸਨ। ਇਸ ਪ੍ਰੰਪਰਾ ਦਾ ਆਗਾਜ਼ 'ਚ ਖਰੜ ਦੇ ਜੰਮਪਲ ਸਵ.ਪ੍ਰਕਾਸ਼ ਚੰਦ,ਸੁਖਦੇਵ ਕਪੂਰ,ਰਾਮਾ ਅਤੇ ਬਾਬਾ ਨੌਰੀਆ ਦਾ ਜਿਕਰ ਆਉਂਦਾ ਹੈ। ਇਹ ਪ੍ਰੰਪਰਾ ਤਕਰੀਬਨ ਸੰਨ 1975 ਤੱਕ ਜਾਰੀ ਰਹੀ।




### ਸਵ.ਲਾਲਾ ਲੱਭੂ ਰਾਮ ਦੀ ਅਗਵਾਈ

ਖਰੜ ਦੇ ਜੰਮਪਲ ਸਵ.ਲਾਲਾ ਲੱਭੂ ਰਾਮ ਜੀ ਦੀ ਖਰੜ ਸ਼ਹਿਰ ਨੂੰ ਬਹੁਤ ਵੱਡੀ ਦੇਣ ਹੈ। ਜਿਸ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਮਾਜ ਸੇਵਾ ਦੇ ਖੇਤਰ ਉਨਾਂ ਦਾ ਨਾਮ ਸ਼ੁਨਹਿਰੀ ਅੱਖਰਾਂ 'ਚ ਦਰਜ ਹੈ। ਲਾਲਾ ਲੱਭੂ ਰਾਮ ਅਤੇ ਰੂਪ ਚੰਦ ਆਦਿ ਮੈਂਬਰਾਂ ਦੀ ਅਗਵਾਈ ਵਾਲੀ ਟੀਮ ਨੇ ਅੱਗੇ ਵਧਕੇ ਝਾਕੀਆਂ ਨੂੰ ਨਵਾਂ ਰੂਪ ਦਿੱਤਾ। ਫੱਟੇ ਅਤੇ ਬਾਂਸਾਂ ਦੇ ਬਣੇ ਸਟੈਂਡ ਉੱਤੇ ਕਲਾਕਾਰਾਂ ਨੂੰ ਤਿਆਰ ਕਰ ਕੇ ਝਾਕੀਆਂ ਕੱਢਿਆਂ ਲੱਗਿਆ। ਜਿਨਾਂ ਨੂੰ ਪੱਲੇਦਾਰ ਵਲੋਂ ਮੋਢਿਆਂ 'ਤੇ ਚੁੱਕ ਕੇ
ਸ਼ਹਿਰ ਅੰਦਰ ਘੁੰਮਾਇਆ ਜਾਂਦਾ ਰਿਹਾ। ਇਨਾਂ ਝਾਕੀਆਂ ਦਾ ਰੂਟ ਵੀ ਪਹਿਲਾ ਵਾਲਾ ਹੀ ਰਿਹਾ ਸੀ। ਸਮੇਂ ਦੇ ਨਾਲ ਅੱਗੇ ਵਧਕੇ ਫਿਰ ਇਹ ਝਾਕੀਆਂ ਸਾਇਕਲ ਰਿਕਸਾ 'ਤੇ ਬੱਚਿਆਂ ਨੂੰ ਤਿਆਰ ਕਰਕੇ ਬਿਠਾਈਆਂ ਜਾਣ ਲੱਗ ਪਿਆ ਅਤੇ ਘੋੜੇ ਰੇਹੜਿਆਂ 'ਤੇ ਝਾਕੀ ਸਜਾਉਣ ਵਾਲੀ ਸੋਭਾ ਯਾਤਰਾ ਦੀ ਇੱਕ ਨਵੀਂ ਪ੍ਰੰਪਰਾ ਨਾਲ ਸ਼ਹਿਰ ਨਿਵਾਸੀਆਂ ਨੂੰ ਜੋੜਿਆ ਗਿਆ।

### ਚੌਣੇਂ ਦੀ ਬੈਠਕ ਬਣੀ ਦੁਸਹਿਰਾ ਗਰਾਊਂਡ

ਸ਼ਹਿਰ ਖਰੜ ਦੇ ਪੁਰਾਤਨ ਪੰਨਿਆਂ ਨੂੰ ਫਰੋਲ ਦੇ ਹੋਏ ਮਨ ਦੀ ਸਲੇਟ ਇਸ ਗੱਲ ਦੀ ਗਵਾਹੀ ਦੇਂਦੀ ਹੈ ਕਿ ਖਰੜ ਸ਼ਹਿਰ ਦਾ ਪੁਰਾਤਨ ਟੋਭਾ ਦੇ ਨਾਲ ਚੌਣੇ ਦੀ ਬੈਠਕ ਹੁੰਦੀ ਸੀ। ਅਜੋਕੀ ਪੀੜੀ ਨੂੰ ਦੱਸਣਾ ਜ਼ਰੂਰੀ ਹੈ ਕਿ ਪੁਰਾਤਨ ਸਮੇਂ ਇਹ ਟੋਭਾ ਪਾਣੀ ਨਾਲ ਨੱਕੋਂ-ਨੱਕ ਭਰਿਆ ਰਹਿੰਦਾ ਸੀ। ਸ਼ਹਿਰ ਨਿਵਾਸੀਆਂ ਵਲੋਂ ਆਪਣੀਆਂ ਮੱਝਾਂ ਨੂੰ ਟੋਭੇ ਵਿੱਚ ਨਹਾਉਣ ਲਈ ਇਸ ਥਾਂ 'ਤੇ ਛੱਡਿਆ ਜਾਂਦਾ ਸੀ। ਜਿਸ ਕਾਰਨ ਇਸ ਥਾਂ ਨੂੰ ਚੌਣੇ ਦੀ ਬੈਠਕ ਨਾਲ ਵੀ ਜਾਣਿਆ ਜਾਂਦਾ ਹੈ। ਚੌਣੇ ਮੱਝਾਂ ਨੂੰ ਸੰਭਾਲਣ ਦੀ ਭੂਮਿਕਾ ਸਵ.ਚੰਨਣ ਸਿੰਘ ਅਤੇ ਸਵ.ਮੇਵਾ ਸਿੰਘ ਵਲੋਂ ਨਿਭਾਈ ਜਾਂਦੀ ਸੀ। ਖਰੜ ਸ਼ਹਿਰ 'ਚ ਦੁਸਹਿਰਾ ਦੇ ਤਿਉਹਾਰ ਨੂੰ ਮਨਾਉਣ ਦੀ ਸ਼ੁਰੂਆਤ ਦਿਨ 'ਚ ਰਾਮ ਲੀਲਾ ਦਾ ਸਵਾਗ ਕਰਨ ਵਾਲੇ ਗਰੁੱਪ ਵਲੋਂ ਕੀਤਾ ਗਈ। ਇਸ ਪ੍ਰੰਪਰਾ ਨੂੰ ਬਰਕਰਾਰ ਰੱਖਣ 'ਚ ਸਵ.ਸੁਖਦੇਵ ਕੁਮਾਰ ਪਾਨ ਦੀ ਦੁਕਾਨ ਵਾਲੇ ,ਸਵ. ਪ੍ਰਕਾਸ਼ ਚੰਦ,ਸਵ.ਰਾਮਾਂ,ਸਵ.ਪ੍ਰਕਾਸ਼ ਚੰਦ,ਸਵ. ਲਾਲ ਲੱਭੂ ਰਾਮ, ਸਵ.ਮਾਸਟਰ ਵੈਦ ਪ੍ਰਕਾਸ਼ ਗੁਪਤਾ,ਆਦਿ ਮੈਂਬਰਾਂ ਵਲੋਂ ਸ਼ੁਰੂ ਕੀਤੀ ਗਈ। ਇਸ ਕਾਫਲੇ 'ਚ ਸੁਖਦਰਸ਼ਨ ਵਰਮਾ,ਸਵ. ਕਮਲੇਸ਼ ਕੁਮਾਰ ਸ਼ਰਮਾ, ਰਿਟਾਇਰ ਸੀਟੀਯੂ,ਡਰਾਇਵਰ,ਸਵ. ਬਾਲੂ ਸਿੰਘ ਸੈਣੀ,ਸਵ.ਅਮਰ ਨਾਥ,ਸਵ. ਰਾਮਾਂ ,ਬਾਂਕੇ ਲਾਲ ਕਰਵਲ,ਸਵ.ਅਮਰ ਨਾਥ (ਢਿਲੂ),ਮਾਸਟਰ ਕਮਲੇਸ਼ ਕੁਮਾਰ,ਸਵ.ਰਾਮੇਸ਼ ਕੁਮਾਰ ਵਰਮਾ,ਸ਼ਾਮ ਲਾਲ,ਜਗਦੀਸ਼ ਸ਼ਰਮਾ,ਨਰੀਜ ਗੁਪਤਾ,ਬਾਂਕੇ ਲਾਲ ਕਰਵਲ,ਅਮਰ ਨਾਥ,ਰਾਮੇਸ਼ ਕੁਮਾਰ ਵਰਮਾ,ਆਦਿ ਵਲੋਂ ਦੁਸਹਿਰੇ ਦੇ ਤਿਉਹਾਰ ਨੂੰ ਵੱਖਰੀ ਪ੍ਰੰਪਰਾ ਨਾਲ ਜੋੜਨ 'ਚ ਵੱਡਾ ਯੋਗਦਾਨ ਪਾਇਆ ਗਿਆ। ਟਰੈਕਟਰ ਟਰਾਲੀਆਂ 'ਤੇ ਸੁੰਦਰ ਝਾਕੀਆਂ ਨੂੰ ਨਵਾਂ ਰੂਟ ਦਿੱਤਾ ਗਿਆ। ਦੁਸਹਿਰੇ ਨੂੰ ਦੇਖਣ ਵਾਲੀ ਭੀੜ,ਛੋਟੇ ਜਿਹੇ ਬਾਜਾਰ 'ਚ ਵਿੱਚਲੀ ਰੌਣਕ,ਰਾਵਨ,ਕੁੰਭ ਕਰਨ,ਮੇਘ ਨਾਥ ਦੇ ਪੁੱਤਲੀਆਂ ਨੂੰ ਅਗਨੀ ਦਿਖਾਉਣ ਸਮੇਂ ਆਤਸ਼ੀਬਾਜੀ ਦੀ ਠਾਠ-ਠਾਠ ਲੋਕਾਂ ਦੀ ਭੀੜ ਨੂੰ ਵਿਸ਼ਾਲ ਕਰਦੀ ਚਲੀ ਆਈ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ। ਕਈ ਸਖ਼ਸ਼ੀਅਤਾਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖ ਗਈਆਂ ਅਤੇ ਕਈ ਨਵੇਂ ਚਿਹਰੇ ਇਸ ਨਿਸ਼ਕਾਮ ਸੇਵਾ ਨਾਲ ਜੁੜਦੇ ਰਹੇ ਅਤੇ ਕਾਫਲਾ ਅੱਗੇ ਵਧਦਾ ਰਿਹਾ।ਚੌਣੇਂ ਦੀ ਬੈਠਕ ਨੂੰ ਦੁਸਹਿਰਾ ਗਰਾਊਂਡ ਦਾ ਨਾਮ ਮਿਲਿਆ। ਜਿਕਰਯੋਗ ਹੈ ਕਿ ਇਸ ਟੋਭੇ ਨੂੰ ਮਰਿਆਦਾ ਪ੍ਰਸ਼ੋਤਮ ਸ੍ਰੀ ਰਾਮ ਚੰਦਰ ਜੀ ਦੇ ਦਾਦਾ ਮਹਾਰਾਜਾ ਅੱਜ ਦੇ ਨਾਮ ਨਾਲ ਵੀ ਜੋੜਿਆ ਜਾਂਦਾ ਹੈ। ਜਿਸ ਨੂੰ ਟੂਰੀਜ਼ਮ ਵਿਭਾਗ ਵਲੋਂ ਇੱਕ ਝੀਲ ਦਾ ਰੂਪ ਵਜੋਂ ਤਿਆਰ ਕੀਤਾ ਜਾ ਰਿਹਾ ਹੈ।





### ਕੋਰੋਨਾ ਮਹਾਮਾਰੀ ਅਤੇ ਦੁਸਹਿਰਾ ਪ੍ਰੰਪਰਾ

ਭਾਈਚਾਰਕ ਸਾਂਝ ਦੀ ਤਸਵੀਰ ਪੇਸ਼ ਕਰਦਾ ਸ਼ਹਿਰ ਖਰੜ ਅੰਦਰ ਦੁਸਹਿਰਾ ਕੇਵਲ ਇੱਕ ਥਾਂ 'ਤੇ ਹੀ ਮਨਾਇਆ ਜਾਂਦਾ ਹੈ। ਸਿਆਣੇ ਲੋਕਾਂ ਦੀ ਦੰਦ ਕਥਾ ਹੈ ਕਿ ਜੇਕਰ ਇੱਕ ਸਾਲ ਦੁਸਹਿਰੇ ਦਾ ਤਿਉਹਾਰ ਨਾ ਮਨਾਇਆ ਜਾਵੇ ਤਾਂ ਉਸ ਸ਼ਹਿਰ ਅੰਦਰ ਸਬੰਧਿਤ ਕਲੱਬ ਜਾਂ ਕਮੇਟੀ ਵਲੋਂ 10 ਸਾਲ ਦੁਸਹਿਰਾ ਨਹੀਂ ਭਰਾਇਆ ਜਾਂਦਾ। ਸੰਨ 2020 ਦੇ ਕੋਰੋਨਾ ਮਹਾਮਾਰੀ ਦੀ ਦੁਖ਼ਾਤ ਦੇ ਜਖ਼ਮ ਅੱਜ ਵੀ ਲੋਕਾਂ ਦੇ ਦਿਲਾਂ 'ਚ ਅੱਲੇ ਹਨ। ਉਨਾਂ ਦਿਨਾਂ 'ਚ ਦੁਸਹਿਰਾ ਕਮੇਟੀ ਖਰੜ ਦੇ ਪ੍ਰਧਾਨ ਸ੍ਰੀ ਕਮਲ ਕਿਸ਼ੋਰ ਸ਼ਰਮਾ ਨੂੰ ਕੋਰਨਾ ਮਹਾਮਾਰੀ ਨੇ ਆਣ ਘੇਰਿਆ। ਇੱਕ ਪਾਸੇ ਕੋਰੋਨਾ ਬਿਮਾਰੀ ਦਾ ਭੈਅ, ਦੂਸਰੇ ਪਾਸੇ ਕਮੇਟੀ ਮੈਂਬਰਾਂ ਅੰਦਰ ਲੜੀ ਨੂੰ ਨਾ ਤੋੜਨ ਦਾ ਡਰ..। ਪ੍ਰਸ਼ਾਸ਼ਨ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸੋਸ਼ਲ ਦੂਰੀ ਦਾ ਧਿਆਨ ਰੱਖਿਆ ਗਿਆ। ਪਰਸੂ ਰਾਮ ਭਵਨ ਵਿਖੇ ਛੋਟੇ ਰਾਵਨ,ਕੁੰਡ ਕਰਨ,ਮੇਘ ਨਾਥ ਦੇ ਪੁੱਤਲਿਆਂ ਨੂੰ ਕਮੇਟੀ ਪ੍ਰਧਾਨ ਸ੍ਰੀ ਕਮਲ ਕਿਸ਼ੋਰ ਸ਼ਰਮਾ ਨੂੰ ਆਕਸ਼ੀਜਨ ਸਿਲੰਡਰ ਨਾਲ ਘਰ ਤੋਂ ਗੱਡੀ 'ਚ ਬੈਠ ਕੇ ਦੁਸਹਿਰੇ ਦੀ ਪ੍ਰੰਪਰਾ ਨੂੰ ਬਰਕਰਾਰ ਰੱਖਦੇ ਹੋਏ ਪੁਤਲਿਆਂ ਨੂੰ ਅਗਨੀ ਦਿੱਤੀ ਗਈ।

### ਦੁਸਹਿਰੇ ਦੀ ਦੇਸ਼ਾਂ-ਵਿਦੇਸ਼ਾਂ 'ਚ ਚਰਚਾ

ਦੁਸਹਿਰਾ ਖਰੜ ਦਾ ਪੰਜਾਬ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਤੱਕ ਆਪਣੀ ਵੱਖਰੀ ਪਛਾਣ ਰੱਖਦਾ ਹੈ। ਇਥੋਂ ਦੀਆਂ ਰਮਾਇਣ,ਮਹਾਭਾਰਤ ਅਤੇ ਦੇਸ਼ ਭਗਤੀ ਨਾਲ ਸਬੰਧਿਤ ਝਾਕੀਆਂ ਹਰ ਸਾਲ ਲੋਕ ਮਨਾਂ ਲਈ ਖਿੱਚ ਦਾ ਕੇਂਦਰ ਬਣਦੀਆਂ ਹਨ। ਦੁਸਹਿਰਾ ਕਮੇਟੀ ਵਲੋਂ ਇਸ਼ਟਾਗ੍ਰਾਮ 'ਤੇ ਬਣਾਏ ਪੇਜ ਨੂੰ ਲੋਕਾਂ ਦੇ 44 ਮਿਲੀਅਨ ਵੀਊਆਂ ਨਾਲ ਦੇਸ਼ਾਂ-ਵਿਦੇਸ਼ਾਂ ਤੋਂ ਵੀ ਬੇਹੱਦ ਪਿਆਰ ਦਾ ਸਬੂਤ ਹੈ। ਦੁਸਹਿਰਾ ਕਮੇਟੀ ਖਰੜ ਨੂੰ ਵਿਦੇਸ਼ਾਂ ਵਿੱਚ ਝਾਕੀਆਂ ਕੱਢਣ ਦਾ ਮਿਲਦੇ ਸੁਨੇਹਾ ਦੁਸਹਿਰਾ ਕਮੇਟੀ ਦੀ ਮਿਹਨਤ ਦਾ ਨਤੀਜਾ ਹੈ। ਮਹਾਰਾਸਟਰ ਬੈਂਡ,ਡਾਡਿਆ ਗਰੁੱਪ ਸਮੇਂ-ਸਮੇਂ ਸਿਰ ਦੁਸਿਹਰਾ ਤਿਉਹਾਰ ਮੌਕੇ ਲੋਕਾਂ ਲਈ ਖਿੱਚ ਦਾ ਕੇਂਦਰ ਬਣਦਾ ਰਿਹਾ ਹੈ।

### ਦੁਸਹਿਰਾ ਕਮੇਟੀ ਦਾ ਸਮਾਜ ਸੇਵਾ 'ਚ ਯੋਗਦਾਨ

ਦੁਸਹਿਰਾ ਕਮੇਟੀ ਖਰੜ ਵਲੋਂ ਸਮੇਂ-ਸਮੇਂ ਸਿਰ ਸਮਾਜ ਸੇਵਾ ਨਾਲ ਵੀ ਆਪਣਾ ਕੱਦ ਉੱਚਾ ਕੀਤਾ ਹੈ। ਇੱਥੋਂ ਦੀਆਂ ਧਾਰਮਿਕ ਝਾਕੀਆਂ ਵੱਖ-ਵੱਖ ਸ਼ਹਿਰਾਂ ਕਾਲਕਾ,ਪਟਿਆਲਾ,ਅੰਬਾਲਾ ,ਲੁਧਿਆਣਾ,ਸਰਹਿੰਦ,ਡੇਰਾਬੱਸੀ,ਸਮਰਾਲਾ ਆਦਿ ਸ਼ਹਿਰਾਂ ਅੰਦਰ ਪੰਜ-ਛੇ ਸਾਲ ਧਾਰਮਿਕ ਪ੍ਰੋਗਰਾਮਾਂ ਰਾਮ ਨੌਮੀ ਆਦਿ ਦੇ ਤਿਉਹਾਰ ਮੌਕੇ ਫੈਸਟੀਵਲਾਂ ਦਾ ਹਿੱਸਾ ਬਣਕੇ ਨਾਮ ਉੱਚਾ ਕੀਤਾ ਹੈ। ਕੋਰੋਨਾ ਕਾਲ ਦੌਰਾਨ ਲੋੜਵੰਦਾਂ ਲਈ ਲੰਗਰ ਦੀ ਸੇਵਾ ਨਿਭਾਈ ਗਈ। ਦੁਸਹਿਰਾ ਕਮੇਟੀ ਖਰੜ ਵਲੋਂ ਪਿੱਛਲੇ ਪਿੱਛਲੇ 20 ਸਾਲਾਂ ਤੋਂ ਲੋੜਵੰਦ ਲੜਕੀ ਦਾ ਰੀਤੀ ਰਿਵਾਜਾਂ ਨਾਲ ਵਿਆਹ ਕੀਤਾ ਜਾਂਦਾ ਹੈ। ਪਿਛੋਕੜ ਨੂੰ ਯਾਦ ਕਰਦਿਆਂ ਸੰਨ 2018 'ਚ ਦੁਸਹਿਰਾ ਦੇ ਤਿਉਹਾਰ 'ਚ ਪਿੱਛਲੇ ਲੰਮੇਂ ਸਮੇਂ ਤੋਂ ਵੱਡਮੁੱਲਾ ਯੋਗਦਾਨ ਪਾਉਣ ਵਾਲਿਆਂ ਸ਼ਖਸ਼ੀਅਤਾਂ ਅਤੇ ਉਨਾਂ ਦੇ ਪਰਿਵਾਰਾਂ ਨੂੰ ਦੁਸਹਿਰੇ ਮੌਕੇ ਸਨਮਾਨਿਤ ਕੀਤਾ ਗਿਆ। ਲਾਇਨਜ਼ ਕਲੱਬ ਖਰੜ ਸਿਟੀ ਵਲੋਂ ਪਿੱਛਲੇ ਕਈ ਸਾਲਾਂ ਤੋਂ ਦੁਸਹਿਰੇ ਮੌਕੇ ਝਾਕੀਆਂ 'ਚ ਤਿਆਰ ਬੱਚਿਆਂ ਨੂੰ ਫਰੂਟ,ਠੰਡਾ ਪਾਣੀ ਅਤੇ ਹੋਰ ਖਾਣ-ਪੀਣ ਦਾ ਸਾਮਾਨ ਦੀ ਸੇਵਾ ਵੀ ਨਿਭਾਈ ਜਾ ਰਹੀ ਹੈ।



### ਪੇਕੇ ਘਰ ਆ ਕੇ ਦੁਸਹਿਰਾ ਦੇਖਣ ਦਾ ਚਾਅ

ਦੁਸਾਹਿਰਾ ਕਮੇਟੀ ਮੈਂਬਰ ਕਮਲ ਕਿਸ਼ੋਰ ਸ਼ਰਮਾ ਅਤੇ ਸ਼ੁਭਾਸ ਕੁਮਾਰ ਆਪਣੇ ਪਿਛੋਕੜ ਅਤੇ ਆਪਣੀ ਜਨਮ ਭੌਇੰ ਨੂੰ ਪਿਆਰ ਕਰਦਿਆਂ ਹੋਏ ਪੁਰਾਤਨ ਸਮੇਂ ਤੋਂ ਸ਼ਹਿਰ ਖਰੜ ਦੀਆਂ ਧੀਆਂ ਹਰ ਸਾਲ ਆਪਣੇ ਪੇਕੇ ਆ ਕੇ ਦੁਸਹਿਰਾ ਦਾ ਤਿਉਹਾਰ ਦੇਖਣ ਪਹੁੰਚਦੀਆਂ ਹਨ। ਪ੍ਰਮਾਤਮਾ ਕਰੇ,ਸਦਾ ਹੀ ਹੱਸਦਿਆਂ ਵੱਸਦੀਆਂ ਰਹਿਣ ਸਾਡੇ ਸ਼ਹਿਰ ਖਰੜ ਦੀਆਂ ਕੁੜੀਆਂ..

### ਦੁਸਹਿਰਾ ਕਮੇਟੀ ਖਰੜ

ਆਧੁਨਿਕ ਯੁੱਗ ਅੰਦਰ ਪ੍ਰਵੇਸ਼ ਹੋ ਕੇ ਸੰਨ 2000 'ਚ ਦੁਸਹਿਰੇ ਦੇ ਤਿਉਹਾਰ ਨੂੰ ਮਨਾਉਣ ਦੀ ਜ਼ਿੰਮੇਵਾਰੀ ਸ੍ਰੀ ਕਮਲ ਕਿਸ਼ੋਰ ਸ਼ਰਮਾ ਦੇ ਮੋਢਿਆ 'ਤੇ ਆਣ ਟੀਕੀ। ਇਨਾਂ ਕਮੇਟੀ 'ਚ ਹਰੇਕ ਧਰਮ ਵਿਅਕਤੀ ਸਾਮਿਲ ਹੈ ਅਤੇ ਆਪੋ-ਆਪਣੀ ਜ਼ਿੰਮੇਵਾਰੀ ਨੂੰ ਨਿਭਾ ਰਿਹਾ ਹੈ। ਜਿਨਾਂ ਵਿੱਚ ਪ੍ਰਧਾਨ ਸ੍ਰੀ ਕਮਲ ਕਿਸ਼ੋਰ ਸ਼ਰਮਾ,ਬਲਜੀਤ ਸਿੰਘ ਸੈਣੀ,ਚਰਨਜੀਤ ਸਿੰਘ ਚੰਨੀ ਸੈਣੀ,ਸ਼ੁਭਾਸ ਸ਼ਰਮਾ,ਨੀਰਜ ਗੁਪਤਾ,ਜਸਪ੍ਰੀਤ ਜੱਸੀ,ਸਵ. ਪਵਨ ਕੁਮਾਰ ਪੱਪਾ,ਸਵ. ਰਾਕੇਸ਼ ਕੁਮਾਰ ਛੋਟੂ,ਗੁਰਮੁੱਖ ਸਿੰਘ ਮਾਨ,ਰਾਜੇਸ਼ ਕੁਮਾਰ ਕੌਸ਼ਿਕ,ਪਰਮਜੀਤ ਸਿੰਘ ਸੈਣੀ,ਸਵ.ਪ੍ਰਮੋਦ ਆਨੰਦ,ਸ੍ਰੀ ਸੰਜੀਵ ਕੁਮਾਰ ਸੀਲਾ,ਜਗਜੀਤ ਸਿੰਘ,ਕਾਲਾ ਸਿੰਘ ਸੈਣੀ,ਸ਼ਤੀਸ ਜੈਨ,ਸੰਜੇ ਅਰੋੜਾ,ਹਿਮੇਂਦਰ ਕੌਸ਼ਿਕ,ਰਵਿੰਦਰ ਸ਼ਰਮਾ,ਦੀਪਕ ਕੌਸ਼ਿਕ,ਤਰੁਨਦੀਪ ਸ਼ਰਮਾ,ਅਮਨਦੀਪ ਸ਼ਰਮਾ,ਅਨੀਲ ਪੁਰੀ,ਪ੍ਰਦੀਪ ਵੈਦ ਅਤੇ ਹੋਰ ਬਹੁਤ ਸਾਰੇ ਅਹੁਦੇਦਾਰ ਅਤੇ ਮੈਂਬਰ ਇਸ ਸੰਸਥਾ ਨਾਲ ਜੁੜਦੇ ਗਏ ਅਤੇ ਕਾਫਲਾ ਵੱਡਾ ਹੁੰਦਾ ਗਿਆ। ਸ਼ਹਿਰ ਨਿਵਾਸੀਆਂ ਅਤੇ ਸ਼ਹਿਰ ਦੀਆਂ ਨਾਮਵਰ ਸਮਾਜਸੇਵੀ ਸੰਸਥਾਵਾਂ ਦੇ ਮਿਲ ਰਹੇ ਭਰਪੂਰ ਸਹਿਯੋਗ ਦਾ ਸਦਕਾ ਦੁਸਹਿਰਾ ਕਮੇਟੀ 12 ਅਕਤੂਬਰ 20 24 ਨੂੰ ਨਵੀਆਂ ਝਾਕੀਆਂ ਦੇ ਨਾਲ ਦੁਸਹਿਰਾ ਦਾ ਤਿਉਹਾਰ ਮਨਾਉਂਣ ਦਾ ਮਾਣ ਮਹਿਸੂਸ ਕਰਦਾ ਹੈ। ਹਰ ਸਾਲ ਲੋਕਾਂ ਦੇ ਵਧਕੇ ਵਿਸ਼ਾਲ ਇੱਕਠ ਨੂੰ ਦੇਖਦੇ ਹੋਏ ਦੁਸਾਹਿਰਾ ਕਮੇਟੀ ਪ੍ਰਸ਼ਾਸ਼ਨ ਕੋਲੋ ਇੱਕ ਵੱਡੇ ਮੈਦਾਨ ਦੀ ਮੰਗ ਕਰਦੀ ਹੈ। ਤਾਂ ਜੋ ਇਹ ਦੁਸਿਹਰਾ ਦੇ ਤਿਉਹਾਰ ਦਾ ਵਿਸਾਲ ਇੱਕਠ ਆਪਣੇ ਇਤਿਹਾਸ ਅਤੇ ਵਿਰਾਸਤ ਨੂੰ ਪਿਆਰ ਕਰਦਾ ਹੋਇਆ ਹੋਰ ਅੱਗੇ ਵਧੇ।



ਕਾਲਾ ਸਿੰਘ ਸੈਣੀ ,

ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa
81980 95553

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ
DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ
ਐਤਵਾਰ, 06 ਅਕਤੂਬਰ 2024
Email:- lokbani08@gmail.com

## ਅੱਜ ਦਾ ਸ਼ੁਭ ਵਿਚਾਰ



ਕੋਈ ਹਾਲਾਤ ਨਹੀਂ ਸਮਝਦਾ, ਕੋਈ ਜਜ਼ਬਾਤ ਨਹੀਂ ਸਮਝਦਾ, ਗੁੱਸੇ ਨੂੰ ਤਾਂ ਹਰ ਕੋਈ ਵੇਖ ਲੈਂਦਾ, ਗੁੱਸੇ ਪਿੱਛੇ ਲੁਕਿਆ ਕੋਈ ਪਿਆਰ ਨਹੀਂ ਸਮਝਦਾ

ਕਿਮੀ ਅਰੋੜਾ

ਰੋਜ਼ਾਨਾ ਲੋਕ ਬਾਣੀ
www.lokbani.com

R. N. I. Punpun/29016/2008 * ਸਾਲ 16 , * ਅੰਕ : 117, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111

ਇਸ ਵਾਰ ਕ੍ਰਿਸਮਸ ਅਤੇ ਨਵਾਂ ਸਾਲ ਮਨਾਓ
ਕੈਨੇਡਾ
ਸ਼ੈਨੇਗਨ/ ਯੂ.ਕੇ./ ਆਸਟ੍ਰੇਲੀਆ ਟੂਰਿਸਟ ਵੀਜ਼ਾ
ਬਹੁਤ ਸਾਰੇ ਲੋਕ ਈਜ਼ੀ ਵੀਜ਼ਾ ਦੀ ਸਹੀ ਸਲਾਹ ਨਾਲ ਵਿਦੇਸ਼ ਜਾਣ ਦਾ ਸੁਪਨਾ ਕਰ ਚੁੱਕੇ ਹਨ ਸਾਕਾਰ
easyvisa | 81980 95553

## ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਜੀ ਨੇ ਪੋਪ ਨਾਲ ਕੀਤੀ ਮੁਲਾਕਾਤ

**ਇਟਲੀ-ਲੋਕ ਬਾਣੀ-** ਨਵ-ਨਿਯੁਕਤ ਡੇਰਾ ਬਿਆਸ ਮੁਖੀ ਜਸਦੀਪ ਸਿੰਘ ਗਿੱਲ ਅਤੇ ਉਨ੍ਹਾਂ ਨੂੰ ਵਾਰਿਸ ਬਣਾਉਣ ਵਾਲੇ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਇਟਲੀ ਦੇ ਵੈਟੀਕਨ ਸਿਟੀ ਵਿਖੇ ਪੋਪ ਫਰਾਂਸਿਸ ਨਾਲ ਮੁਲਾਕਾਤ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨਾਲ ਧਰਮ ਅਤੇ ਅਧਿਆਤਮਿਕਤਾ ਬਾਰੇ ਵਿਚਾਰ ਚਰਚਾ ਹੋਈ।

ਜਾਣਕਾਰੀ ਮੁਤਾਬਕ, ਤਿੰਨਾਂ



ਅਧਿਆਤਮਿਕ ਗੁਰੂਆਂ ਵਿਚਕਾਰ ਕਰੀਬ ਧਰਮ ਨੂੰ ਲੈ ਕੇ ਕਰੀਬ ਦੋ ਘੰਟੇ ਗੱਲਬਾਤ ਹੋਈ। ਤਿੰਨਾਂ ਅਧਿਆਤਮਕ ਆਗੂਆਂ ਨੇ ਵਿਸ਼ਵ ਸ਼ਾਂਤੀ ਬਾਰੇ ਵੀ ਚਰਚਾ ਕੀਤੀ।

## ਕਾਂਗਰਸ ਵਿੱਚ ਖ਼ੁਸ਼ੀ ਦੀ ਲਹਿਰ ਹਰਿਆਣਾ ਤੇ ਜੰਮੂ ਕਸ਼ਮੀਰ ਵਿਚ ਵੱਡੇ ਬਹੁਮਤ ਦੇ ਆਸਾਰ

**ਲੁਧਿਆਣਾ, ਸੁਖਚੈਨ ਮਹਿਰਾ**--ਹਰਿਆਣਾ ਵਿਧਾਨ ਸਭਾ ਦੀਆਂ 90 ਸੀਟਾਂ ਲਈ ਅੱਜ ਸ਼ਾਮੀਂ ਵੋਟਿੰਗ ਦਾ ਅਮਲ ਨਿੱਬੜਨ ਤੋਂ ਫੌਰੀ ਮਗਰੋਂ ਜਾਰੀ ਵੱਖ ਵੱਖ ਐਗਜ਼ਿਟ ਪੋਲਾਂ ਵਿਚ ਸੂਬੇ 'ਚ ਕਾਂਗਰਸ ਨੂੰ ਸਪਸ਼ਟ ਬਹੁਮਤ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਸੱਤਾਧਾਰੀ ਭਾਜਪਾ ਲਈ ਜਿੱਤ ਦੀ ਹੈਟ੍ਰਿਕ ਲਾਉਣਾ ਥੋੜ੍ਹਾ ਮੁਸ਼ਕਲ ਲੱਗਦਾ ਹੈ। ਆਮ ਆਦਮੀ ਪਾਰਟੀ (ਆਪ) ਤੇ ਜਨਨਾਇਕ ਜਨਤਾ ਪਾਰਟੀ ਦਾ ਖਾਤਾ ਖੁੱਲ੍ਹਣ ਦੀ ਵੀ ਘੱਟ ਹੀ ਗੁੰਜਾਇਸ਼ ਲੱਗਦੀ ਹੈ। ਆਜ਼ਾਦ ਅਤੇ ਇਨੈਲੋ-ਬਸਪਾ ਗੱਠਜੋੜ ਨੂੰ ਵੀ 10 ਤੋਂ ਘੱਟ ਸੀਟਾਂ ਮਿਲਣ ਦੀ ਸੰਭਾਵਨਾ ਹੈ।



ਉਧਰ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ-ਕਾਂਗਰਸ ਗੱਠਜੋੜ ਨੂੰ ਲੀਡ ਮਿਲਣ ਦੀ ਪੇਸ਼ੀਨਗੋਈ ਕੀਤੀ ਗਈ ਹੈ

B.N REAL ESTATE
( ਪ੍ਰਾਪਰਟੀ ਡੀਲਰ )
ਐਗਰੀਕਲਚਰ ਲੈਂਡ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ |

91000-79-579 | 98141-92-632
Shop No 5,Adda Kapur Pind,Opp IndusInd Bank,Jalandhar.

## ਕੋਲਕਾਤਾ ਮਾਮਲੇ ਵਿਚ ਜੂਨੀਅਰ ਡਾਕਟਰ ਬੈਠੇ ਮਰਨ ਵਰਤ ਤੇ

ਕੋਲਕਾਤਾ, ਲੋਕ ਬਾਣੀ--ਆਰ. ਜੀ. ਕਰ ਮੈਡੀਕਲ ਕਾਲਜ ਤੇ ਹਸਪਤਾਲ ਦੀ ਜੂਨੀਅਰ ਡਾਕਟਰ ਨਾਲ ਜਬਰ ਜਨਾਹ ਤੇ ਹੱਤਿਆ ਮਾਮਲੇ ਖ਼ਿਲਾਫ਼ ਸੰਘਰਸ਼ ਦੌਰਾਨ ਅੱਜ ਤਿੰਨ-ਤਿੰਨ ਪੁਰਸ਼ ਤੇ ਮਹਿਲਾ ਜੂਨੀਅਰ ਡਾਕਟਰਾਂ ਨੇ ਮਰਨ ਵਰਤ ਸ਼ੁਰੂ ਕੀਤਾ ਹੈ। ਇਸ ਤੋਂ ਪਹਿਲਾਂ ਸ਼ਾਮ ਵੇਲੇ ਜੂਨੀਅਰ ਡਾਕਟਰਾਂ ਨੇ ਐਲਾਨ ਕੀਤਾ ਕਿ ਉਹ ਮੈਡੀਕਲ ਸੇਵਾਵਾਂ




ਤੇ ਮਰਨ ਵਰਤ ਨਾਲੋ ਨਾਲ ਜਾਰੀ ਰੱਖਣਗੇ।

## ਵੱਡੇ ਚੇਹਰੇ ਮਨਪ੍ਰੀਤ ਬਾਦਲ ਤੇ ਕੇਵਲ ਢਿੱਲੋਂ ਉਤਰਣਗੇ ਮੈਦਾਨ ਵਿੱਚ


ਜਲੰਧਰ, ਬਿੱਟੂ ਫੋਲੜੀਵਾਲ--ਪੰਜ ਵਾਰ ਵਿਧਾਇਕ ਰਹੇ ਅਤੇ ਭਾਜਪਾ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਸਿਹਤ ਸਬੰਧੀ ਮਸਲਿਆਂ ਤੋਂ ਉਭਰਨ ਮਗਰੋਂ ਗਿੱਦੜਬਾਹਾ ਵਿਧਾਨ ਸਭਾ ਜ਼ਿਮਨੀ ਚੋਣ ਲਈ ਤਿਆਰੀ ਵਿੱਢ ਦਿੱਤੀ ਹੈ। ਭਾਜਪਾ ਨੇ ਤਕਰੀਬਨ ਉਨ੍ਹਾਂ ਦਾ ਨਾਮ ਇਸ ਸੀਟ ਲਈ ਤੈਅ ਕਰ ਲਿਆ ਦੱਸਿਆ ਜਾ ਰਿਹਾ ਹੈ। ਭਾਜਪਾ ਦੀ ਟਿਕਟ 'ਤੇ ਮਨਪ੍ਰੀਤ ਬਾਦਲ ਪਹਿਲੀ ਵਾਰ ਚੋਣ ਲੜ ਸਕਦੇ



ਹਨ। ਇਸੇ ਤਰ੍ਹਾਂ ਭਾਜਪਾ ਨੇ ਬਰਨਾਲਾ ਸੀਟ ਲਈ ਕੇਵਲ ਢਿੱਲੋਂ ਦਾ ਨਾਮ ਤੈਅ ਕਰ ਲਿਆ ਹੈ। ਇਹ ਦੋਵੇਂ ਆਗੂ ਪਹਿਲਾਂ ਹੀ ਇਨ੍ਹਾਂ ਵਿਧਾਨ ਸਭਾ ਹਲਕਿਆਂ 'ਚ ਸਰਗਰਮ ਹਨ ਅਤੇ ਉਨ੍ਹਾਂ ਵੱਲੋਂ ਪਾਰਟੀ ਵਰਕਰਾਂ ਨਾਲ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਪਾਰਟੀ ਸੂਤਰਾਂ ਨੇ ਕਿਹਾ ਕਿ ਡੇਰਾ ਬਾਬਾ ਨਾਨਕ ਸੀਟ ਤੋਂ ਰਵੀ ਕਰਨ ਕਾਹਲੋਂ ਦਾ ਨਾਮ ਸਭ ਤੋਂ ਅੱਗੇ ਚੱਲ ਰਿਹਾ ਹੈ। ਚੱਬੇਵਾਲ ਸੀਟ 'ਤੇ ਉਮੀਦਵਾਰ ਦੀ ਚੋਣ ਨੂੰ ਲੈ ਕੇ ਪਾਰਟੀ ਅਜੇ ਕਿਸੇ ਨਤੀਜੇ 'ਤੇ ਨਹੀਂ ਪੁੱਜੀ ਹੈ। ਭਾਜਪਾ ਦੇ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਵੱਲੋਂ ਜੁਲਾਈ ਤੋਂ ਮੀਟਿੰਗਾਂ 'ਚ ਹਿੱਸਾ ਨਹੀਂ ਲਿਆ ਜਾ ਰਿਹਾ ਹੈ ਜਿਸ ਕਾਰਨ ਪਾਰਟੀ ਪੰਜਾਬ 'ਚ ਲੀਡਰਸ਼ਿਪ ਦੇ ਸੰਕਟ ਦਾ ਸਾਹਮਣਾ ਕਰ ਰਹੀ ਹੈ।

## ਜੰਮੂ ਕਸ਼ਮੀਰ ਵਿਚ ਸੁਰੱਖਿਆ ਬਲਾਂ ਹੱਥ ਲੱਗਾ ਵਿਸਫੋਟਕ ਤੇ ਹਥਿਆਰਾਂ ਦਾ ਵੱਡਾ ਭੰਡਾਰ

**ਜੰਮੂ ਕਸ਼ਮੀਰ, ਲੋਕ ਬਾਣੀ-**-ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਫੌਜ ਦੀ ਰੋਮੀਓ ਫੋਰਸ ਨੇ ਜੰਮੂ ਅਤੇ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਝੁਲਸ ਖੇਤਰ ਵਿਚ ਹਥਿਆਰਾਂ ਅਤੇ ਵਿਸਫੋਟਕਾਂ ਦਾ ਇਕ ਵੱਡਾ ਭੰਡਾਰ ਜ਼ਬਤ ਕੀਤਾ ਹੈ। ਫ਼ੌਜ ਦੇ ਅਧਿਕਾਰੀਆਂ ਅਨੁਸਾਰ, ਇਕ ਸੂਹ ਦੇ ਅਧਾਰ ਤੇ ਤਲਾਸ਼ੀ ਸ਼ੁਰੂ ਕੀਤੀ ਗਈ ਅਤੇ ਇਕ ਸ਼ੱਕੀ ਅੱਤਵਾਦੀ




ਦੇ ਬੈਗ ਵਿਚੋਂ ਹਥਿਆਰ ਅਤੇ ਵਿਸਫੋਟਕ ਬਰਾਮਦ ਕੀਤੇ ਗਏ।

## ਪੰਜਾਬ ਪੁਲਿਸ ਦੇ ਅੱਠ ਹਜ਼ਾਰ ਪੁਲਿਸ ਕਰਮਚਾਰੀ ਪਰਾਲੀ ਸਾੜਨ ਤੋਂ ਰੋਕਣਗੇ

**ਚੰਡੀਗੜ੍ਹ, ਵਿਨੋਦ ਸ਼ਰਮਾ**--ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਵੱਖ ਵੱਖ ਵਿਭਾਗਾਂ ਦੀ ਮਦਦ ਵਾਸਤੇ ਸੀਨੀਅਰ ਅਫਸਰਾਂ ਦੇ ਨਾਲ ਨਾਲ ਅੱਠ ਹਜ਼ਾਰ ਪੁਲੀਸ ਮੁਲਾਜ਼ਮਾਂ ਦੀ ਡਿਊਟੀ ਲਗਾਈ ਗਈ ਹੈ।ਪੁਲੀਸ ਦੀਆਂ ਟੀਮਾਂ, ਜਿਨ੍ਹਾਂ 'ਚ 612 ਉਡਣ ਦਸਤੇ ਜਾਂ ਗਸ਼ਤ ਕਰਨ ਵਾਲੀਆਂ ਪਾਰਟੀਆਂ ਸ਼ਾਮਲ ਹਨ, ਇੰਸਪੈਕਟਰ ਤੋਂ ਲੈ ਕੇ ਵਿਸ਼ੇਸ਼ ਡੀਜੀਪੀ ਰੈਂਕ ਦੇ ਅਫਸਰਾਂ ਦੀ ਨਿਗਰਾਨੀ ਹੇਠ ਜ਼ਮੀਨੀ ਪੱਧਰ 'ਤੇ ਕੰਮ ਕਰਨਗੀਆਂ। ਪੰਜਾਬ ਪੁਲੀਸ ਦੇ



ਮੁਖੀ ਡੀਜੀਪੀ ਗੌਰਵ ਯਾਦਵ ਨੇ ਕਿਹਾ, 'ਇਹ ਟੀਮਾਂ ਹੋਰਨਾਂ ਵਿਭਾਗਾਂ ਦੇ ਉਡਣ ਦਸਤਿਆਂ ਜਾਂ ਗਸ਼ਤ ਪਾਰਟੀਆਂ ਤੋਂ ਵੱਖਰੀਆਂ ਹਨ।

## ਕਈ ਸੂਬਿਆਂ ਵਿਚ ਐਨ ਆਈ ਏ ਨੇ ਕੀਤੀ ਛਾਪੇਮਾਰੀ

**ਦਿੱਲੀ, ਲੋਕ ਬਾਣੀ**-- ਐਨ.ਆਈ. ਏ. ਨੇ ਅੱਜ ਅਸਾਮ ਦੇ ਗੋਲਪਾੜਾ, ਮਹਾਰਾਸ਼ਟਰ ਦੇ ਔਰੰਗਾਬਾਦ, ਜਾਲਨਾ, ਮਾਲੇਗਾਓਂ, ਯੂ.ਪੀ. ਦੇ ਸਹਾਰਨਪੁਰ, ਦਿੱਲੀ, ਜੰਮੂ ਕਸ਼ਮੀਰ ਦੇ ਬਾਰਾਮੂਲਾ, ਪੁਲਵਾਮਾ ਵਿਚ ਕਈ ਥਾਵਾਂ ਤੇ ਛਾਪੇਮਾਰੀ ਕੀਤੀ ਗਈ ।ਐਨ.ਆਈ.ਏ. ਦੇ ਸੂਤਰਾਂ ਅਨੁਸਾਰ ਇਕ ਸਾਜ਼ਿਸ਼




ਦੇ ਮਾਮਲੇ ਵਿਚ ਜੈਸ਼-ਏ-ਮੁਹੰਮਦ ਦੇ ਇਕ ਕਾਰਕੁਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਸਨਸਿਟੀ ਕਲੋਨੀ ਦੇ ਕਈ ਘਰਾਂ ਨੂੰ ਨਹੀਂ ਮਿਲ ਰਿਹਾ ਬਿਜਲੀ ਕੁਨੈਕਸ਼ਨ

**ਸੰਗਰੂਰ ਲੋਕ ਬਾਣੀ** -ਕਲੋਨਾਈਜ਼ਰ ਵੱਲੋਂ ਪੁੱਡਾ ਅਪਰੂਵਡ ਕਲੋਨੀ 'ਚ ਐੱਨਓਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਦਾ ਖਮਿਆਜ਼ਾ ਕਈ ਘਰਾਂ ਨੂੰ ਭੁਗਤਣਾ ਪੈ ਰਿਹਾ ਹੈ ਕਿਉਂਕਿ ਅਧੂਰੀਆਂ ਸ਼ਰਤਾਂ ਕਾਰਨ ਪਾਵਰਕੌਮ ਵਲੋਂ ਕਲੋਨੀ ਦੇ ਕਈ ਘਰਾਂ ਨੂੰ ਰੈਗੂਲਰ ਬਿਜਲੀ ਕੁਨੈਕਸ਼ਨ ਦੇਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ ਜਿਸ ਕਾਰਨ ਇਹ

PSPCL
Punjab State Power Corporation Ltd.

ਵਿਅਕਤੀ ਆਰਜ਼ੀ ਕੁਨੈਕਸ਼ਨ ਜ਼ਰੀਏ ਨੇ ਆਪਣੇ ਘਰ ਦਾ ਹਨ੍ਹੇਰਾ ਦੂਰ ਕਰਦੇ ਹਨ ਅਤੇ ਬਿਜਲੀ ਪਖ਼ਤ ਦਾ ਪ੍ਰਤੀ ਯੂਨਿਟ ਵੱਧ ਰੇਟ ਅਦਾ ਕਰਨ ਲਈ ਮਜਬੂਰ ਹਨ।

ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਰਾਜ ਚੋਣ ਕਮਿਸ਼ਨ ਨੇ ਜਗਤਪੁਰਾ ਗ੍ਰਾਮ ਪੰਚਾਇਤ ਦੀ ਚੋਣ ਪ੍ਰਕਿਰਿਆ ਨੂੰ ਕੀਤਾ ਮੁਅੱਤਲ, ਨਵਾਂ ਨੋਟੀਫਿਕੇਸ਼ਨ ਕੀਤਾ ਜਾਵੇਗਾ ਜਾਰੀ

ਐਸ.ਏ.ਐਸ.ਨਗਰ,(ਲੋਕ ਬਾਣੀ) - ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਮੋਹਾਲੀ ਸਬ ਡਵੀਜ਼ਨ ਦੀ ਗ੍ਰਾਮ ਪੰਚਾਇਤ ਜਗਤਪੁਰਾ ਦੀਆਂ ਚੋਣਾਂ ਸਬੰਧੀ ਚੱਲ ਰਹੀ ਪ੍ਰਕਿਰਿਆ ਨੂੰ ਮੁਅੱਤਲ ਕਰਨ ਸਬੰਧੀ ਜਾਰੀ ਹੁਕਮਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਆਸ਼ਿਕਾ ਜੈਨ ਨੇ ਐਸ.ਡੀ.ਐਮ.-ਕਮ- ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਮੋਹਾਲੀ ਨੂੰ ਰਿਟਰਨਿੰਗ ਅਫ਼ਸਰ ਅਤੇ ਐਸ.ਏ.ਐਸ. ਨਗਰ/ਗੁਰੂ ਨਾਨਕ ਕਲੋਨੀ ਨਿਵਾਸੀਆਂ ਸਮੇਤ ਸਬੰਧਤ ਧਿਰਾਂ ਨੂੰ ਇਸ ਫੈਸਲੇ ਤੋਂ ਜਾਣੂ ਕਰਵਾਉਣ ਲਈ ਕਿਹਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ, ਪੰਚਾਇਤੀ ਚੋਣਾਂ, ਸੋਨਮ ਚੌਧਰੀ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਦੇ ਹੁਕਮਾਂ ਅਨੁਸਾਰ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਐਸ.ਏ.ਐਸ.ਨਗਰ (ਮੋਹਾਲੀ) ਨੂੰ ਗੁਰੂ ਨਾਨਕ ਕਲੋਨੀ ਦੇ ਵੋਟਰਾਂ ਨੂੰ ਬਾਹਰ ਕਰਕੇ ਗਰਾਮ ਪੰਚਾਇਤ ਜਗਤਪੁਰਾ ਲਈ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਕੇ ਨਵੀਂ ਵੋਟਰ ਸੂਚੀ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਆਦੇਸ਼ ਵਿੱਚ ਅੱਗੇ ਲਿਖਿਆ ਗਿਆ ਹੈ, ਕਿਉਂਕਿ ਰਾਜ ਵਿੱਚ ਗ੍ਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਲਈ ਚੋਣ ਪ੍ਰੋਗਰਾਮ ਸਮੇਤ 15 ਅਕਤੂਬਰ, 2024 ਦੇ ਮਤਦਾਨ, ਪਹਿਲਾਂ ਹੀ 25.9.2024 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ 27.9.2024 ਨੂੰ ਨੋਟੀਫਾਈ ਕੀਤਾ ਜਾ ਚੁੱਕਾ ਹੈ, ਉਪਰੋਕਤ ਹੁਕਮਾਂ ਅਨੁਸਾਰ ਗ੍ਰਾਮ ਪੰਚਾਇਤ ਜਗਤਪੁਰਾ ਦੀ ਵੋਟਰ ਸੂਚੀ ਦੀ ਦਰੁਸਤੀ, ਚੋਣ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ




ਅਫ਼ਸਰ, ਐਸ.ਏ.ਐਸ. ਨਗਰ (ਮੋਹਾਲੀ) ਦੁਆਰਾ ਕੀਤੀ ਜਾਵੇ। ਨਾਮਜ਼ਦਗੀ ਭਰਨ ਲਈ ਕੀਤੀਆਂ ਗਈਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਤੁਰੰਤ ਪ੍ਰਭਾਵ ਨਾਲ ਖਤਮ ਕੀਤਾ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਉਪਰੋਕਤ ਹੁਕਮਾਂ ਦੀ ਪਾਲਣਾ ਕਰਦਿਆਂ, ਜਿਸ ਵਿੱਚ ਇਹ ਵੀ ਕਿਹਾ ਗਿਆ ਹੈ, ਨਤੀਜੇ ਵਜੋਂ, ਇਹ ਹਦਾਇਤ ਕੀਤੀ ਜਾਂਦੀ ਹੈ ਕਿ ਗ੍ਰਾਮ ਪੰਚਾਇਤ ਜਗਤਪੁਰਾ, ਤਹਿਸੀਲ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ) ਦੀਆਂ ਚੋਣਾਂ 15 ਅਕਤੂਬਰ 20 24, ਨੂੰ ਨਿਰਧਾਰਤ ਪ੍ਰੋਗਰਾਮ ਦੌਰਾਨ ਗ੍ਰਾਮ ਪੰਚਾਇਤ ਦੀਆਂ ਆਮ ਚੋਣਾਂ ਨਹੀਂ ਕਰਵਾਈਆਂ ਜਾਣਗੀਆਂ, ਪਰ ਕਮਿਸ਼ਨ ਦੁਆਰਾ ਵੱਖਰੇ ਤੌਰ ਤੇ ਐਸ.ਡੀ.ਐਮ.-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, ਐਸ.ਏ.ਐਸ.ਨਗਰ ਦੁਆਰਾ ਉਕਤ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਵਿੱਚ ਨਵਾਂ ਚੋਣ ਪ੍ਰੋਗਰਾਮ ਅਧਿਸੂਚਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਐਸ.ਏ.ਐਸ. ਨਗਰ (ਮੋਹਾਲੀ) ਗ੍ਰਾਮ ਪੰਚਾਇਤ ਜਗਤਪੁਰਾ ਨਾਲ ਸਬੰਧਤ ਚੋਣ ਪ੍ਰਕਿਰਿਆ ਨੂੰ ਮੁਅੱਤਲ ਕਰਨ ਅਤੇ ਉਪਰੋਕਤ ਹੁਕਮਾਂ ਅਨੁਸਾਰ ਲੋੜੀਂਦੇ ਤਾਲਮੇਲ ਨੂੰ ਯਕੀਨੀ ਬਣਾਉਣਗੇ; ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗ੍ਰਾਮ ਪੰਚਾਇਤ ਜਗਤਪੁਰਾ ਦੀ ਚੋਣ ਪ੍ਰਕਿਰਿਆ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਇਸ ਸਬੰਧੀ ਕਮਿਸ਼ਨ ਵੱਲੋਂ ਤਾਜ਼ਾ ਚੋਣ ਪ੍ਰੋਗਰਾਮ ਬਾਅਦ ਵਿੱਚ ਐਲਾਨਿਆ ਜਾਵੇਗਾ।

# ਪੰਚਾਇਤੀ ਚੋਣਾਂ ਨੂੰ ਲੈ ਕੇ 2 ਧਿਰਾਂ ਚ ਹੋਈ ਖ਼ੂਨੀ ਝੜਪ, ਚੱਲੀਆਂ ਗੋਲੀਆਂ



ਅੰਮ੍ਰਿਤਸਰ: (ਲੋਕ ਬਾਣੀ) ਲੋਪੋਕੇ ਥਾਣਾ ਖੇਤਰ ਦੇ ਪਿੰਡ ਕਮਾਸਕੇ ਤੋਂ ਦਿਲ ਦਹਿਲਾਉਣ ਵਾਲੀ ਖਬਰ ਆ ਰਹੀ ਹੈ, ਜਿੱਥੇ ਪੰਚਾਇਤੀ ਚੋਣਾਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਖ਼ੂਨੀ ਝੜਪ ਹੋ ਗਈ। ਝਗੜਾ ਇਸ ਹੱਦ ਤੱਕ ਵਧ ਗਿਆ ਕਿ ਇਸ ਦੌਰਾਨ ਗੋਲੀਆਂ ਚਲਾਈਆਂ ਗਈਆਂ। ਅੱਧੀ ਰਾਤ ਨੂੰ ਹੋਈ ਗੋਲੀਬਾਰੀ ਚ ਇਕ ਔਰਤ ਦੀ ਮੌਤ ਹੋ ਗਈ, ਜਦਕਿ ਦੋ ਹੋਰ ਜ਼ਖਮੀ ਹੋਣ ਦੀ ਖਬਰ ਹੈ। ਜਾਣਕਾਰੀ ਅਨੁਸਾਰ ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੱਤਰ ਜਮ੍ਹਾ ਕਰਵਾਉਣ ਦੌਰਾਨ ਦੋ ਧੜਿਆਂ ਵਿਚਾਲੇ ਝਗੜਾ ਹੋ ਗਿਆ, ਜਿਸ ਕਾਰਨ ਰਾਤ ਸਮੇਂ ਇੱਕ ਧਿਰ ਨੇ ਦੂਜੇ ਧਿਰ ਤੇ ਹਮਲਾ ਕਰ ਦਿੱਤਾ ਅਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

ਸਿਰ ਵਿੱਚ ਸੱਟ ਲੱਗਣ ਕਾਰਨ ਕੁਲਦੀਪ ਕੌਰ ਦੀ ਮੌਤ ਹੋ ਗਈ, ਜਦਕਿ ਜਗਰੂਪ ਸਿੰਘ ਅਤੇ ਗੁਰਪ੍ਰੀਤ ਸਿੰਘ ਗੰਭੀਰ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਟੀਮ ਮੌਕੇ ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।

# ਸੂਬਾ ਚੋਣ ਕਮਿਸ਼ਨ ਉਹਨਾਂ ਥਾਵਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਸਮਾਂ ਵਧਾਵੇ ਜਿਥੇ ਵਿਰੋਧੀ ਉਮੀਦਵਾਰ ਨਾਮਜ਼ਦਗੀ ਦਾਖਲ ਨਹੀਂ ਕਰ ਸਕੇ: ਅਕਾਲੀ ਦਲ

ਚੰਡੀਗੜ੍ਹ,(ਲੋਕ ਬਾਣੀ) ਸ਼੍ਰੋਮਣੀ ਅਕਾਲੀ ਦਲ ਨੇ ਅੱਜ ਸੂਬਾਈ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਪੰਚਾਇਤ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਸਮਾਂ ਵਧਾਇਆ ਜਾਵੇ ਅਤੇ ਮੋਗਾ ਜ਼ਿਲ੍ਹੇ ਦੇ ਧਰਮਕੋਟ ਵਿਧਾਨ ਸਭਾ ਹਲਕੇ ਦੇ 15 ਪਿੰਡਾਂ ਵਿਚ ਜਿਥੇ ਵਿਰੋਧੀ ਧਿਰ ਦੇ ਉਮੀਦਵਾਰ ਸਰਪੰਚ ਅਤੇ ਪੰਚ ਦੇ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖਲ ਨਹੀਂ ਕਰ ਸਕੇ, ਉਹਨਾਂ ਵਾਸਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਲਈ ਨਵੀਂਆਂ ਤਾਰੀਕਾਂ ਦਾ ਐਲਾਨ ਕੀਤਾ ਜਾਵੇ। ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਸੂਬਾਈ ਚੋਣ ਕਮਿਸ਼ਨ ਦੇ ਧਿਆਨ ਵਿਚ ਇਹ ਵੀ ਲਿਆਂਦਾ ਕਿ ਧਰਮਕੋਟ ਦੇ ਤਿੰਨ ਪਿੰਡਾਂ ਵਿਚ ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਭਰੇ ਪਰ ਉਹਨਾਂ ਨੂੰ ਕੋਈ ਰਸੀਦ ਨਹੀਂ ਦਿੱਤੀ ਗਈ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਪਾਰਟੀ ਨੇ ਇਹ ਵੀ ਦੱਸਿਆ ਹੈ ਕਿ ਕਿਵੇਂ ਆਮ ਆਦਮੀ ਪਾਰਟੀ (ਆਪ) ਦੇ ਗੁੰਡਿਆਂ ਨੇ ਵਿਰੋਧੀ ਧਿਰ ਦੇ ਉਮੀਦਵਾਰਾਂ 'ਤੇ ਹਮਲੇ ਕੀਤੇ ਤੇ ਉਹਨਾਂ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਰੋਕਿਆ। ਉਹਨਾਂ ਮੰਗ ਕੀਤੀ ਕਿ ਹਿੰਸਾਗ੍ਰਸਤ ਸਾਰੀਆਂ ਥਾਵਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਕਰਨ ਦੀ ਤਾਰੀਕ ਵਧਾਈ ਜਾਵੇ।



ਡਾ. ਚੀਮਾ ਨੇ ਕਿਹਾ ਕਿ ਧਰਮਕੋਟ ਦੇ 15 ਪਿੰਡਾਂ ਵਿਚ ਵਿਰੋਧੀ ਧਿਰ ਦੇ ਉਮੀਦਵਾਰ ਸਾਰਾ ਦਿਨ ਰਿਟਰਨਿੰਗ ਅਫਸਰ ਦੇ ਦਫਤਰ ਦੇ ਬਾਹਰ ਲਾਈਨਾਂ ਵਿਚ ਖੜ੍ਹੇ ਰਹੇ ਪਰ ਉਹਨਾਂ ਦੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕਰਵਾਏ ਗਏ। ਉਹਨਾਂ ਕਿਹਾ ਕਿ ਇਹ ਉਮੀਦਵਾਰ ਗਾਗਰਾ, ਔਗੁਣ, ਖੋਸ਼ਾ ਰਣਧੀਰ, ਉਮਰੀਆਣਾ, ਦਾਤਾਵਾਲਾ, ਚੂੰਧਾਕਲਾਂ, ਚੂੰਧਾ ਖੁਰਦ, ਮੂਸੇਵਾਲਾ, ਮਲੇਕ ਕੰਗਾ, ਮਨਾਵਾ, ਡੋਲੇਵਾਲਾ, ਮੁੰਡੀ ਜਮਾਲ, ਫਤਿਹ ਉਲੇ ਸ਼ਾਹ, ਕਾਰਯਾਹ ਵਾਲਾ ਤੇ ਵਰਾਵਣ ਦੇ ਸਨ।

ਅਕਾਲੀ ਆਗੂ ਨੇ ਦੱਸਿਆ ਕਿ ਪਾਰਟੀ ਦੇ ਸੀਨੀਅਰ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਇਹ ਵੀ ਦੱਸਿਆ ਹੈ ਕਿ ਜੇਲ੍ਹਾਂ ਵਿਚੋਂ ਗੈਂਗਸਟਰ ਵਿਰੋਧੀ ਧਿਰ ਦੇ ਉਮੀਦਵਾਰਾਂ ਨੂੰ ਧਮਕੀਆਂ ਦੇ ਰਹੇ ਹਨ ਕਿ ਜੇਕਰ ਉਹ ਚੋਣਾਂ ਵਿਚ ਖੜ੍ਹੇ ਹੋਏ ਤਾਂ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਹਨਾਂਕਿਹਾ ਕਿ ਕਮਿਸ਼ਨ ਨੂੰ ਇਸ ਗੱਲ ਦੀ ਜਾਂਚ ਦੇ ਹੁਕਮ ਦੇਣੇ ਚਾਹੀਦੇ ਹਨ ਕਿ ਗੈਂਗਸਟਰ ਜੇਲ੍ਹਾਂ ਵਿਚੋਂ ਧਮਕੀਆਂ ਕਿਵੇਂ ਦੇ ਰਹੇ ਹਨ। ਉਹਨਾਂ ਨੇ ਇਹ ਵੀ ਮੰਗ ਕੀਤੀ ਕਿ ਕੁਤਾਹੀ ਕਰਨ ਵਾਲੇ ਅਧਿਕਾਰੀਆਂ ਖਿਲਾਫ ਅਤੇ ਵਿਰੋਧੀ ਧਿਰ ਦੇ ਉਮੀਦਵਾਰਾਂ 'ਤੇ ਹਮਲਾ ਕਰ ਕੇ ਉਹਨਾਂ ਦੇ ਕਾਗਜ਼ ਖੋਹਣ ਵਾਲੇ ਸਾਰੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਪੰਜਾਬ ਵਿੱਚ ਅੱਧੀ ਰਾਤ ਵਾਪਰਿਆ ਹਾਦਸਾ, ਸਵਾਰੀਆਂ ਨਾਲ ਭਰੀ PRTC ਬੱਸ ਪਲਟੀ



(ਲੋਕ ਬਾਣੀ) ਸੰਗਰੂਰ ਤੋਂ ਬਹੁਤ ਹੀ ਦੁਖਦਾਈ ਖਬਰ ਆ ਰਹੀ ਹੈ। ਪਤਾ ਲੱਗਾ ਹੈ ਕਿ ਇੱਕ ਪੀ.ਆਰ.ਟੀ.ਸੀ. ਬੱਸ ਪਲਟ ਗਈ, ਜਿਸ ਵਿੱਚ 20 ਤੋਂ 21 ਦੇ ਕਰੀਬ ਸਵਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ।

ਜਾਣਕਾਰੀ ਅਨੁਸਾਰ ਬੱਸ ਪਟਿਆਲਾ ਤੋਂ ਬਠਿੰਡਾ ਜਾ ਰਹੀ ਸੀ, ਹਾਦਸੇ ਸਮੇਂ ਬੱਸ ਵਿੱਚ 50 ਦੇ ਕਰੀਬ ਸਵਾਰੀਆਂ ਸਵਾਰ ਸਨ, ਜਿਨ੍ਹਾਂ ਵਿੱਚੋਂ 20 ਤੋਂ 21 ਗੰਭੀਰ ਜ਼ਖ਼ਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਜਦੋਂ ਬੱਸ ਨਜ਼ਦੀਕੀ ਹਨੀ ਢਾਬੇ ਕੋਲ ਪੁੱਜੀ ਤਾਂ ਅਚਾਨਕ ਇੱਕ ਟੈਂਕਰ ਸੜਕ ਤੇ ਆ ਗਿਆ, ਜਿਸ ਨਾਲ ਟਕਰਾਅ ਤੋਂ ਬਚਾਅ ਦੇ ਚੱਕਰ ਚ ਬੱਸ ਦਾ ਸੰਤੁਲਨ ਵਿਗੜ ਗਿਆ ਅਤੇ ਇਹ ਹਾਦਸਾ ਵਾਪਰ ਗਿਆ। ਮੌਕੇ 'ਤੇ ਪੁੱਜੀ ਪੁਲਿਸ ਟੀਮ ਨੇ ਜ਼ਖ਼ਮੀਆਂ ਨੂੰ ਭਵਾਨੀਗੜ੍ਹ ਦੇ ਸਿਵਲ ਹਸਪਤਾਲ ਪਹੁੰਚਾਇਆ। ਫਿਲਹਾਲ ਹਦਸੇ ਚ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ।

# ਹੁਸ਼ਿਆਰਪੁਰ ਪੁਲਿਸ ਨੇ 7 ਗੋਦਾਮਾਂ ਤੇ ਮਾਰਿਆ ਛਾਪਿਆ, ਨਾਜਾਇਜ਼ ਪਟਾਕੇ ਬਰਾਮਦ, ਇੱਕ ਗ੍ਰਿਫਤਾਰ



ਹੁਸ਼ਿਆਰਪੁਰ (ਲੋਕ ਬਾਣੀ) - ਹੁਸ਼ਿਆਰਪੁਰ ਪੁਲਸ ਨੇ ਸ਼ਨੀਵਾਰ ਨੂੰ 7 ਗੋਦਾਮਾਂ ਤੇ ਛਾਪੇਮਾਰੀ ਕੀਤੀ। ਪੁਲੀਸ ਨੇ ਇਨ੍ਹਾਂ ਗੁਦਾਮਾਂ 'ਚੋਂ ਨਾਜਾਇਜ਼ ਪਟਾਕੇ ਜ਼ਬਤ ਕੀਤੇ ਹਨ। ਪੁਲੀਸ ਨੇ ਇਸ ਮਾਮਲੇ ਵਿੱਚ ਇੱਕ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਲੀਸ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰੇਗੀ। ਇਸ ਕਾਰਵਾਈ ਵਿੱਚ ਸਪੈਸ਼ਲ ਬਰਾਂਚ ਦੇ ਡੀਐਸਪੀ ਪਲਵਿੰਦਰ ਸਿੰਘ ਵੀ ਮੌਜੂਦ ਸਨ।

ਜਾਣਕਾਰੀ ਅਨੁਸਾਰ ਦੀਵਾਲੀ ਦੇ ਤਿਉਹਾਰ ਲਈ ਇਨ੍ਹਾਂ ਪਟਾਕਿਆਂ ਦਾ ਸਟਾਕ ਕੀਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਮਾਲਕ ਕੋਲ ਨਾਜਾਇਜ਼ ਪਟਾਕੇ ਰੱਖਣ ਦਾ ਲਾਇਸੈਂਸ ਨਹੀਂ ਸੀ।

ਡੀਐਸਪੀ ਸਿਟੀ ਨੇ ਦੱਸਿਆ ਕਿ ਸਾਨੂੰ ਸੂਚਨਾ ਮਿਲੀ ਸੀ ਕਿ ਰਾਸੀ ਖੇਤਰ ਵਿੱਚ ਪੈਂਦੇ ਇੱਕ ਦੁਕਾਨ ਅਤੇ ਗੋਦਾਮ ਵਿੱਚ ਪਟਾਕੇ ਸਟੋਰ ਕੀਤੇ ਜਾ ਰਹੇ ਹਨ। ਅੱਜ ਜਦੋਂ ਪੁਲੀਸ ਨੇ ਇੱਥੇ ਛਾਪੇਮਾਰੀ ਕੀਤੀ ਤਾਂ ਇੱਥੇ ਭਾਰੀ ਮਾਤਰਾ ਵਿੱਚ ਪਟਾਕੇ ਬਰਾਮਦ ਹੋਏ।ਇਹ ਇਲਾਕਾ ਮਾਡਲ ਟਾਊਨ ਥਾਣੇ ਅਧੀਨ ਪੈਂਦੇ ਹਰਦੋਈ ਖਾਨਪੁਰ ਦਾ ਹੈ, ਜਿੱਥੇ ਇਹ ਪਟਾਕੇ ਸਟੋਰ ਕੀਤੇ ਗਏ ਸਨ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਹ ਪਟਾਕੇ ਕਿੱਥੋਂ ਆਏ ਅਤੇ ਕਿੱਥੇ ਜਾ ਰਹੇ ਸਨ।

# ਦੁੱਧ ਸਪਲਾਈ ਦੀ ਆੜ ਚ ਕਰਦਾ ਸੀ ਨਸ਼ੇ ਦਾ ਕਾਰੋਬਾਰ, ਪੁਲਿਸ ਦੇ ਚੜ੍ਹਿਆ ਹੱਥੀਂ, 6.70 ਲੱਖ ਰੁਪਏ ਦੀ ਨਸ਼ੀਲੇ ਪਦਾਰਥ ਬਰਾਮਦ



ਚੰਡੀਗੜ੍ਹ, (ਲੋਕ ਬਾਣੀ) ਚੰਡੀਗੜ੍ਹ ਕ੍ਰਾਈਮ ਬ੍ਰਾਂਚ ਨੇ ਨਸ਼ਿਆਂ ਖਿਲਾਫ ਇਕ ਅਹਿਮ ਕਾਰਵਾਈ ਕਰਦੇ ਹੋਏ 16 ਕਿਲੋ ਭੁੱਕੀ ਸਮੇਤ ਇਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਪੁਲੀਸ ਨੇ ਮੁਲਜ਼ਮਾਂ ਕੋਲੋਂ 6 ਲੱਖ 70 ਹਜ਼ਾਰ ਰੁਪਏ ਦੀ ਨਸ਼ੀਲੇ ਪਦਾਰਥ ਵੀ ਬਰਾਮਦ ਕੀਤੇ ਹਨ। ਮੁਲਜ਼ਮ ਦੀ ਪਛਾਣ ਅਸਲਮ ਵਾਸੀ ਧਨਾਸ ਵਜੋਂ ਹੋਈ ਹੈ, ਜੋ ਦੁੱਧ ਸਪਲਾਈ ਕਰਨ ਦੇ ਨਾਲ-ਨਾਲ ਆਟੋ ਚਾਲਕ ਵਜੋਂ ਕੰਮ ਕਰਦਾ ਹੈ।

ਪੁਲੀਸ ਅਨੁਸਾਰ ਅਸਲਮ ਪਿਛਲੇ ਕਾਫੀ ਸਮੇਂ ਤੋਂ ਦੁੱਧ ਦੀ ਸਪਲਾਈ ਦੀ ਆੜ ਵਿੱਚ ਨਸ਼ੇ ਦੀ ਸਪਲਾਈ ਕਰ ਰਿਹਾ ਸੀ। ਉਸ ਦਾ ਪਰਿਵਾਰ ਪਹਿਲਾਂ ਤੋਂ ਹੀ ਨਸ਼ੇ ਦੇ ਧੰਦੇ ਵਿਚ ਸ਼ਾਮਲ ਸੀ। ਉਸ ਦੇ ਵੱਡੇ ਭਰਾ ਕਾਲਾ ਨੂੰ ਵੀ ਪਹਿਲਾਂ 50 ਕਿਲੋ ਭੁੱਕੀ ਸਮੇਤ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਅਸਲਮ ਅਤੇ ਉਸਦਾ ਭਰਾ ਇੱਕ ਸੰਗਠਿਤ ਡਰੱਗ ਨੈਟਵਰਕ ਦਾ ਹਿੱਸਾ ਹਨ ਜੋ ਚੰਡੀਗੜ੍ਹ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਨਸ਼ਿਆਂ ਦੀ ਤਸਕਰੀ ਕਰਦਾ ਹੈ।

ਕ੍ਰਾਈਮ ਬ੍ਰਾਂਚ ਦੇ ਐਸਪੀ ਕੇਤਨ ਬਾਂਸਲ ਦੇ ਨਿਰਦੇਸ਼ਾਂ ਹੇਠ ਵਿਸ਼ੇਸ਼ ਟੀਮ ਨੇ ਅਸਲਮ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ। ਇਸ ਟੀਮ ਦੀ ਅਗਵਾਈ ਤਜਰਬੇਕਾਰ ਇੰਸਪੈਕਟਰ ਅਸ਼ੋਕ ਕੁਮਾਰ ਕਰ ਰਹੇ ਹਨ, ਜਿਨ੍ਹਾਂ ਨੇ ਨਸ਼ਿਆਂ ਵਿਰੁੱਧ ਕਈ ਸਫ਼ਲ ਮੁਹਿੰਮਾਂ ਚਲਾਈਆਂ ਹਨ।

# ਬਰਨਾਲਾ ਤੋਂ ਸਾਹਮਣੇ ਆਈ ਲੁੱਟਖੋਹ ਦਾ ਮਾਮਲਾ, 10 ਮੀਟਰ ਤੱਕ ਕੁੜੀ ਨੂੰ ਘਸੀਟਿਆ



ਬਰਨਾਲਾ (ਲੋਕ ਬਾਣੀ) ਸਥਾਨਕ ਬੱਸ ਸਟੈਂਡ ਰੋਡ ਤੇ ਬਾਈਕ ਸਵਾਰ ਦੋ ਨਕਾਬਪੋਸ਼ ਵਿਅਕਤੀਆਂ ਨੇ ਸੜਕ ਤੇ 16 ਏਕੜ ਵਾਲੀ ਸੁਵਿਧਾ ਦੇ ਸਾਹਮਣੇ ਦੋ ਨਕਾਬਪੋਸ਼ ਬਾਈਕ ਸਵਾਰ ਨੌਜਵਾਨਾਂ ਨੇ ਸੜਕ ਤੇ ਪੈਦਲ ਜਾ ਰਹੀ ਇਕ ਲੜਕੀ ਤੋਂ ਬੈਗ ਖੋਹਣ ਦੀ ਕੋਸ਼ਿਸ਼ ਕੀਤੀ । ਜਦੋਂ ਲੜਕੀ ਬੈਗ ਬਚਾਉਣ ਲੱਗੀ ਤਾਂ ਬਾਈਕ ਸਵਾਰ ਨਕਾਬਪੋਸ਼ ਵਿਅਕਤੀ ਉਸ ਨੂੰ 10 ਮੀਟਰ ਤੱਕ ਘਸੀਟਦਾ ਲੈ ਗਿਆ, ਜਿਸ ਕਾਰਨ ਲੜਕੀ ਗੰਭੀਰ ਜ਼ਖਮੀ ਹੋ ਗਈ। ਇਸ ਦੌਰਾਨ ਉਸ ਦੇ ਸਿਰ ਤੇ ਪੰਜ ਟਾਂਕੇ ਲੱਗੇ। ਮੌਕੇ ਤੇ ਲੋਕਾਂ ਨੇ ਉਸ ਨੂੰ ਸਰਕਾਰੀ ਹਸਪਤਾਲ ਚ ਦਾਖਲ ਕਰਵਾਇਆ।

ਘਟਨਾ ਸਥਾਨ ਦੇ ਆਸ-ਪਾਸ ਦੇ ਦੁਕਾਨਦਾਰ ਭਾਗਵਤ ਰਾਏ ਨੇ ਇਸ ਘਟਨਾ ਤੇ ਗੁੱਸਾ ਜ਼ਾਹਰ ਕਰਦਿਆਂ ਕਿਹਾ ਕਿ ਜਿਸ ਜਗ੍ਹਾ ਤੇ ਹਰ ਰੋਜ਼ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਅਤੇ ਜਿੱਥੇ ਅਣਗਿਣਤ ਬਾਈਕ ਸਵਾਰ ਬਾਹਰ ਘੁੰਮਦੇ ਰਹਿੰਦੇ ਹਨ, ਉੱਥੇ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਕਾਰਵਾਈ ਕਰਦਿਆਂ ਇਨ੍ਹਾਂ ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਸ ਦੇ ਨਾਲ ਹੀ ਲੁਟੇਰਿਆਂ ਅਤੇ ਚੋਰਾਂ ਨੂੰ ਨੱਥ ਪਾਈ ਜਾਵੇ।

# ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੀ ਤਸਕਰੀ ਲਈ ਜੈਕਟਾਂ ਦੀ ਵਰਤੋਂ ਕਰਨ ਵਾਲੇ ਅੰਤਰਰਾਸ਼ਟਰੀ ਡਰੱਗ ਸਿੰਡੀਕੇਟ ਦਾ ਪਰਦਾਫਾਸ਼; 1.5 ਕਿਲੋ ਹੈਰੋਇਨ ਸਮੇਤ ਦੋ ਮੁਲਜ਼ਮ ਕਾਬੂ



ਚੰਡੀਗੜ੍ਹ/ਐਸਏਐਸ ਨਗਰ, (ਲੋਕ ਬਾਣੀ) ਰ: ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਐਸ.ਏ.ਐਸ. ਨਗਰ ਪੁਲਿਸ ਨੇ ਅੰਤਰਰਾਸ਼ਟਰੀ ਨਸ਼ਾ ਤਸਕਰੀ ਸਿੰਡੀਕੇਟ, ਜੋ ਸੂਬੇ ਵਿੱਚ ਹੈਰੋਇਨ ਦੀ ਤਸਕਰੀ ਲਈ ਜੈਕਟਾਂ ਦੀ ਵਰਤੋਂ ਕਰਦਾ ਸੀ, ਦਾ ਪਰਦਾਫਾਸ਼ ਕਰਦਿਆਂ ਇਸਦੇ ਦੋ ਕਾਰਕੁਨਾਂ ਨੂੰ 500-500 ਗ੍ਰਾਮ ਹੈਰੋਇਨ ਨਾਲ ਭਰੀਆਂ ਤਿੰਨ ਹਾਫ ਸਲੀਵ ਜੈਕਟਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਫਰੀਦਕੋਟ ਦੇ ਭਾਨਾ ਦੇ ਰਹਿਣ ਵਾਲੇ ਸੁਖਦੀਪ ਸਿੰਘ ਉਰਫ ਰਾਜਾ ਅਤੇ ਰੋਹਤਕ ਦੇ ਅਜੈਬ ਦੇ ਰਹਿਣ ਵਾਲੇ ਕ੍ਰਿਸ਼ਨ ਵਜੋਂ ਹੋਈ ਹੈ।

ਉਹਨਾਂ ਦੱਸਿਆ ਕਿ ਮੁਲਜ਼ਮਾਂ ਕੋਲੋਂ 1.5 ਕਿਲੋਗ੍ਰਾਮ ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਨ੍ਹਾਂ ਦੀ ਚਿੱਟੇ ਰੰਗ ਦੀ ਹੁੰਡਈ ਔਰਾ (ਐਚਆਰ 12 ਏਟੀ 7091) ਕਾਰ ਨੂੰ ਵੀ ਜ਼ਬਤ ਕੀਤਾ ਹੈ, ਜਿਸ ਨੂੰ ਉਹ ਟੈਕਸੀ ਵਜੋਂ ਵਰਤਦਿਆਂ ਉਸ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰ ਰਹੇ ਸਨ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਇਹ ਖੇਪ ਦਿੱਲੀ ਸਥਿਤ ਅਫਗਾਨ ਨਾਗਰਿਕ ਤੋਂ ਖਰੀਦੀ ਗਈ ਸੀ, ਜਿਸ ਨਾਲ ਇਸ ਨੈੱਟਵਰਕ ਦੇ ਅੰਤਰਰਾਸ਼ਟਰੀ ਡਰੱਗ ਕਾਰਟਿਲ ਨਾਲ ਸਬੰਧਾਂ ਦਾ ਪਰਦਾਫਾਸ਼ ਹੋਣ ਦੇ ਨਾਲ-ਨਾਲ ਇਹ ਸਾਹਮਣੇ ਆਇਆ ਹੈ ਕਿ ਉਹ ਗ੍ਰਿਫਤਾਰੀ ਤੋਂ ਬਚਣ ਲਈ ਜੈਕਟਾਂ ਵਿੱਚ ਹੈਰੋਇਨ ਲੁਕਾ ਕੇ ਇਸ ਦੀ ਤਸਕਰੀ ਕਰਦੇ ਸਨ।

ਉਨ੍ਹਾਂ ਦੱਸਿਆ ਕਿ ਮੁਢਲੀ ਪੁੱਛਗਿੱਛ ਦੌਰਾਨ ਕਾਬੂ ਕੀਤੇ ਮੁਲਜ਼ਮਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਪਿਛਲੇ ਦੋ ਮਹੀਨਿਆਂ ਦੌਰਾਨ ਕੋਟਕਪੂਰਾ ਦੇ ਨਸ਼ਾ ਤਸਕਰ ਲਖਵਿੰਦਰ ਸਿੰਘ ਨਾਲ ਮਿਲੀਭੁਗਤ ਕਰਕੇ ਹੈਰੋਇਨ ਦੀਆਂ ਚਾਰ ਖੇਪਾਂ ਦੀ ਤਸਕਰੀ ਕੀਤੀ ਸੀ ਅਤੇ ਹਾਲ ਹੀ ਵਿੱਚ ਸਤੰਬਰ ਦੇ ਅੱਧ ਵਿੱਚ 10 ਕਿਲੋ ਹੈਰੋਇਨ ਖਰੀਦੀ ਸੀ, ਜੋ ਮੋਗਾ 'ਚ ਸਪਲਾਈ ਕੀਤੀ ਗਈ ਸੀ। ਐਨਡੀਪੀਐਸ ਐਕਟ ਦੇ ਘੱਟੋ-ਘੱਟ 10 ਕੇਸਾਂ ਦਾ ਸਾਹਮਣਾ ਕਰ ਰਿਹਾ ਮੁਲਜ਼ਮ ਲਖਵਿੰਦਰ ਸਿੰਘ ਇਸ ਮਾਡਿਊਲ ਦਾ ਮੁੱਖ ਸਰਗਨਾ ਦੱਸਿਆ ਜਾ ਰਿਹਾ ਹੈ, ਜੋ ਨਸ਼ੇ ਦੇ ਪੂਰੇ ਨੈੱਟਵਰਕ ਨੂੰ ਚਲਾ ਰਿਹਾ ਸੀ।

ਡੀਜੀਪੀ ਨੇ ਦੱਸਿਆ ਕਿ ਪੁਲਿਸ ਟੀਮਾਂ ਫਰਾਰ ਲਖਵਿੰਦਰ ਸਿੰਘ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਇਸ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਡੀਆਈਜੀ ਰੋਪੜ ਰੇਂਜ ਨੀਲਾਂਬਰੀ ਜਗਦਲੇ ਨੇ ਦੱਸਿਆ ਕਿ ਭਰੋਸੇਯੋਗ ਸੂਚਨਾ ਮਿਲੀ ਸੀ ਕਿ ਹੈਰੋਇਨ ਸਮੇਤ ਡਰੱਗ ਸਿੰਡੀਕੇਟ ਦੇ ਦੋ ਮੈਂਬਰ ਚਿੱਟੇ ਰੰਗ ਦੀ ਹੁੰਡਈ ਔਰਾ ਵਿੱਚ ਦਿੱਲੀ ਤੋਂ ਮੁਹਾਲੀ ਵੱਲ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਡੀਐਸਪੀ ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਿੱਚ ਪੁਲਿਸ ਟੀਮਾਂ ਨੇ ਲਾਲੜੂ ਦੇ ਦੱਪਰ ਟੋਲ ਪਲਾਜ਼ਾ ਨੇੜੇ ਇੱਕ ਵਿਸ਼ੇਸ਼ ਨਾਕਾ ਲਗਾਇਆ ਅਤੇ ਵਾਹਨ ਨੂੰ ਸਫਲਤਾਪੂਰਵਕ ਘੇਰਾ ਪਾ ਕੇ ਮੁਲਜ਼ਮਾਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰ ਲਿਆ

ਐਸ.ਐਸ.ਪੀ ਦੀਪਕ ਪਾਰੀਕ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਮੁਲਜ਼ਮ ਸੁਖਦੀਪ ਦਾ ਪੁਰਾਣਾ ਅਪਰਾਧਿਕ ਰਿਕਾਰਡ ਵੀ ਹੈ ਜਿਸ ਖਿਲਾਫ 2020 ਵਿੱਚ ਅਗਵਾ ਦਾ ਕੇਸ ਦਰਜ ਹੋਇਆ ਸੀ। ਉਹਨਾਂ ਦੱਸਿਆ ਕਿ ਮਈ 2024 ਵਿੱਚ ਫਰੀਦਕੋਟ ਜੇਲ ਤੋਂ ਜ਼ਮਾਨਤ 'ਤੇ ਬਾਹਰ ਆਉਣ ਤੋਂ ਬਾਅਦ ਉਹ ਜੁਲਾਈ 2024 ਵਿੱਚ ਹੈਰੋਇਨ ਦੀ ਤਸਕਰੀ ਦੇ ਇਸ ਨੈੱਟਵਰਕ ਵਿੱਚ ਸ਼ਾਮਲ ਹੋਇਆ ਸੀ।

ਐਸਐਸਪੀ ਨੇ ਦੱਸਿਆ ਕਿ ਫੜੇ ਗਏ ਮੁਲਜ਼ਮਾਂ ਨੇ ਨਸ਼ਾ ਤਸਕਰੀ ਦੀਆਂ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਸੋਹਾਣਾ, ਐਸ.ਏ.ਐਸ.ਨਗਰ ਵਿੱਚ ਕਿਰਾਏ 'ਤੇ ਰਿਹਾਇਸ਼ ਵੀ ਲਈ ਹੋਈ ਸੀ।

ਇਸ ਸਬੰਧ ਵਿੱਚ ਐਸ.ਏ.ਐਸ.ਨਗਰ ਦੇ ਥਾਣਾ ਲਾਲੜੂ ਵਿਖੇ ਐਨ.ਡੀ.ਪੀ.ਐਸ ਐਕਟ ਦੀਆਂ ਧਾਰਾਵਾਂ 21 ਅਤੇ 29 ਤਹਿਤ ਐਫ.ਆਈ.ਆਰ ਨੰਬਰ 141 ਮਿਤੀ 03/10/2024 ਦਰਜ ਕੀਤੀ ਗਈ ਹੈ।

# ਬੰਗਾ ਰੋੜ ਦੇ ਮੰਦੜੇ ਹਾਲ, ਆਮ ਲੋਕ ਹੋਏ ਹਾਲੋਂ ਬੇਹਾਲ

## ਬਾਬਾ ਵਿਸ਼ਵਕਰਮਾ ਦਿਵਸ ਤੋਂ ਪਹਿਲਾਂ ਬੰਗਾ ਰੋਡ ਸੜਕ ਬਣਾਈ ਜਾਵੇ - ਪ੍ਰਦੀਪ ਧੀਮਾਨ - ਤਰਨਜੀਤ ਕਿੰਨੜਾ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਫਗਵਾੜਾ ਤੋਂ ਮੇਨ ਬੰਗਾ ਰੋਡ ਨੂੰ ਜਾਂਦੀ ਸੜਕ ਜੋ ਅੱਗੋਂ ਚੰਡੀਗੜ੍ਹ ਵੱਲ ਜਾਂਦੀ ਹੈ ਦੇ ਮੰਦੜੇ ਹਾਲ ਹਨ, ਅਤੇ ਲੋਕ ਹਾਲੋਂ ਬੇਹਾਲ ਹੋਏ ਪਏ ਹਨ।ਸੜਕ ਵਿੱਚ ਥਾਂ-ਥਾਂ ਵੱਡੇ ਟੋਏ ਪਏ ਹੋਏ ਹਨ।ਤਿਉਹਾਰ ਦੁਸਿਹਰਾ, ਦੀਵਾਲੀ, ਵਿਸ਼ਵਕਰਮਾ ਡੇ ਦੀਆਂ ਤਾਰੀਖਾਂ ਸਿਰ 'ਤੇ ਹਨ, ਪਰ ਇਸ ਸੜਕ ਨੂੰ ਬਾਵਜੂਦ ਵੱਡੇ ਵਾਅਦਿਆਂ ਦੇ ਇਸ ਸੜਕ ਨੂੰ ਢਾਈ ਸਾਲਾਂ ਤੋਂ ਮੁਰੰਮਤ ਹਾਸਲ ਨਹੀਂ ਹੋਈ। ਇਸ ਸੜਕ ਉੱਤੇ ਇਤਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ, ਬਾਬਾ ਵਿਸ਼ਵਕਰਮਾ ਮੰਦਰ ਅਤੇ ਹੋਰ ਧਾਰਮਿਕ ਸੰਸਥਾਨ ਹਨ,ਜਿਥੇ ਹਰ ਰੋਜ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸੰਗਤਾਂ ਜਾਂਦੀਆਂ ਹਨ ਇਸ ਸੜਕ ਦੀ ਤਰਸਯੋਗ ਹਾਲਤ ਦਾ ਬਿਆਨ ਕਰਦਿਆਂ ਬਾਬਾ ਵਿਸ਼ਵਕਰਮਾ ਮੰਦਰ ਕਮੇਟੀ ਬੰਗਾ ਰੋਡ ਦੇ ਪ੍ਰਧਾਨ ਪ੍ਰਦੀਪ ਧੀਮਨ ਨੇ ਕਿਹਾ ਕਿ ਟੁੱਟੀ ਸੜਕ ਕਰਕੇ ਲੰਮੇ ਸਮੇਂ ਤੋਂ ਲੋਕ ਔਖੇ ਹਨ। ਸ਼ਹਿਰ ਦੀ ਮੇਨ ਰੋਡ ਕਰਕੇ ਆਵਾਜਾਈ ਜਿਆਦਾ ਹੈ, ਨਿੱਤ ਦੁਰਘਟਨਾਵਾਂ ਹੁੰਦੀਆਂ ਹਨ। ਉਪਰੋਂ ਦੀਵਾਲੀ ਅਤੇ ਫਿਰ ਵਿਸ਼ਵਕਰਮਾ ਦਿਵਸ ਆ ਰਿਹਾ ਹੈ। ਸੰਗਤਾਂ ਬਾਬਾ ਵਿਸ਼ਵਕਰਮਾ ਮੰਦਰ ਅਤੇ ਗੁਰਦੁਆਰਾ ਸ਼੍ਰੀ ਗੁਰੂ ਸੁਖਚੈਨਆਣਾ ਸਾਹਿਬ ਵਿਸ਼ਵਕਰਮਾ ਦਿਵਸ ਅਤੇ ਦੀਵਾਲੀ ਤੇ ਲੱਖਾਂ ਦੀ ਗਿਣਤੀ 'ਚ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ ਹਨ। ਪਰ ਲੰਮੀ ਜੱਦੋਜਹਿਦ ਤੇ ਵਾਅਦਿਆਂ ਦੇ ਕੁੱਝ ਵੀ ਪੱਲੇ ਨਹੀਂ ਪਿਆ ਤਰਨਜੀਤ ਕਿੰਨੜਾ ਪ੍ਰਧਾਨ ਬੰਗਾ ਰੋੜ ਐਸੋਸੀਏਸ਼ਨ ਨੇ ਦੱਸਿਆ ਕਿ ਸੜਕ ਦੀ ਖਸਤਾ ਹਾਲਤ ਕਰਕੇ ਵਪਾਰੀ, ਰਾਹਗੀਰ, ਸੰਗਤਾਂ ਪ੍ਰੇਸ਼ਾਨ ਹਨ। ਉਹਨਾਂ ਕਿਹਾ ਕਿ ਉਹ ਕਹਾਵਤ ਸੱਚ ਹੋ ਰਹੀ ਹੈ ਕਿ ਤੇਰਾਂ ਵਰ੍ਹਿਆਂ ਬਾਅਦ ਤਾਂ ਰੂੜੀ ਦੀ ਵੀ ਸੁਣੀ ਜਾਂਦੀ ਹੈ, ਪਰ ਸਾਡੀ ਸੁਣਵਾਈ ਨਹੀਂ ਹੋ ਰਹੀ। ਉਹਨਾਂ ਕਿਹਾ ਕਿ ਬਾਬਾ ਵਿਸ਼ਵਕਰਮਾ ਦਿਵਸ ਤੇ ਦੇਸ਼-ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ ਵਿੱਚ ਸੰਗਤਾਂ ਬਾਬਾ ਵਿਸ਼ਵਕਰਮਾ ਜੀ ਦੇਮੰਦਰ ਨਤਮਸਤਕ ਹੰਦੀਆਂ ਹਨ ਪਰ ਹਜੇ ਤੱਕ ਸੜਕ ਦੀ ਮੁੜ ਉਸਾਰੀ ਲਈ ਕੋਈ ਮਤਾ ਜਾਂ ਉਸਾਰੀ ਸ਼ੁਰੂ ਨਹੀਂ ਕੀਤੀ ਗਈ।ਬਾਰ-ਬਾਰ ਫਗਵਾੜਾ ਪ੍ਰਸ਼ਾਸਨ ਨੂੰ ਇਸ ਬਾਰੇ ਕਹਿ ਚੁੱਕੇ ਹਨ ।ਉਹਨਾਂ ਮੈਂਬਰ ਪਾਰਲੀਮੈਂਟ ਰਾਜਕੁਮਾਰ ਚੱਬੇਬਾਲ, ਹਲਕਾ ਵਿਧਾਇਕ ਸ. ਬਲਵਿੰਦਰ ਸਿੰਘ ਧਾਲੀਵਾਲ, ਸਾਬਕਾ ਮੰਤਰੀ ਸ.ਜੋਗਿੰਦਰ ਸਿੰਘ ਮਾਨ ਤੋਂ ਮੰਗ ਕੀਤੀ ਕਿ ਸੜਕ ਦੀ ਹਾਲਤ ਬਹੁਤ ਨਾਜੁਕ ਹੈ।ਬਾਬਾ ਵਿਸ਼ਵਕਰਮਾ ਦਿਵਸ ਤੋਂ ਪਹਿਲਾਂ ਇਸਦੀ ਮੁੜ ਉਸਾਰੀ ਕੀਤੀ ਜਾਵੇ ਦਵਿੰਦਰ ਕੁਲਥਮ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਮੰਦਰ ਤੇ ਬੰਗਾ ਰੋਡ ਸ਼ੂਜ ਐਸੋਸੀਏਸ਼ਨ ਤੇ ਨੇ ਕਿਹਾ ਕਿ ਸੜਕ ਦੀ ਮੰਦੀ ਹਾਲਤ ਕਾਰਨ ਵਪਾਰ ਚੌਪਟ ਹੋਇਆ ਪਿਆ ਹੈ। ਵੱਡੀ ਗਿਣਤੀ ਵਿੱਚ ਸਰਦੀਆਂ ਵਿੱਚ ਵਿਦੇਸ਼ੀ ਲੋਕ ਫਗਵਾੜਾ ਦੇ ਬਾਜ਼ਾਰ ਵਿੱਚ ਖਰੀਦੋ-ਫਰੋਖਤ ਕਰਨ ਆਉਂਦੇ ਹਨ।ਆਸ-ਪਾਸ ਇਲਾਕੇ ਦੇ ਗਾਹਕ ਇਸ ਸੜਕ ਦੀ ਮੰਦੀ ਹਾਲਤ ਦੇਖਦਿਆਂ ਸ਼ਹਿਰ ਦੇ ਅੰਦਰ ਨਹੀਂ ਆਉਂਦੇ ਲੰਘੂ ਉਦਯੋਗ ਫਗਵਾੜਾ ਦੇ ਪ੍ਰਧਾਨ ਪੰਕਜ ਗੋਤਮ ਅਤੇ ਮੋਹਨ ਸਿੰਘ ਗਾਂਧੀ ਪ੍ਰਧਾਨ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਨਿੰਮਾ ਵਾਲਾ ਤੇ ਗਊਸ਼ਾਲਾ ਬਜਾਰ ਕਿਹਾ ਕਿ ਸੰਗਤਾਂ ਨੂੰ ਇਸ ਸੜਕ ਦੀ ਮੰਦੀ ਹਾਲਤ ਕਾਰਨ ਬਹੁਤ ਔਖਿਆਈ ਹੋ ਰਹੀ ਹੈ। ਲੋਕ ਪ੍ਰੇਸ਼ਾਨ ਹਨ। ਕੋਈ ਸੁਣਵਾਈ ਨਹੀਂ ਹੋ ਰਹੀ।ਉਹਨਾਂ ਸਰਕਾਰ ਤੋਂ ਮੰਗ ਕੀਤੀ ਕਿ ਸੜਕ ਦੀ ਜਲਦੀ ਮੁੜ ਉਸਾਰੀ ਕਰਵਾਈ ਜਾਵੇ ਤਾਂ ਜੋ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ ਕਲਾਥ ਮਰਚੈਂਟ ਐਸੋਸੀਏਸ਼ਨ ਗਾਂਧੀ ਚੌਂਕ ਤੇ ਲੋਹਾ ਮੰਡੀ ਦੇ ਪ੍ਰਧਾਨ ਰਾਕੇਸ਼ ਬਾਂਗਾ ਨੇ ਕਿਹਾ ਕਿ ਫਗਵਾੜਾ ਐਨ ਆਰ ਆਈ ਦਾ ਗੜ੍ਹ ਹੈ ।ਬੰਗਾ ਰੋਡ ਮੇਨ ਰਸਤਾ ਹੋਣ ਕਰਕੇ ਆਮ ਰਾਹਗੀਰਾਂ ਦੇ ਨਾਲ-ਨਾਲ ਵਿਦੇਸ਼ੀ ਗ੍ਰਾਹਕਾਂ ਨੂੰ ਸੜਕ ਦੀ ਖਸਤਾ ਹਾਲਤ ਕਰਕੇ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।ਉਹਨਾਂ ਨੇ ਸਰਕਾਰ ਤੋ ਪੁਰਜੋਰ ਮੰਗ ਕੀਤੀ ਕਿ ਬਾਬਾ ਵਿਸ਼ਵਕਰਮਾ ਦੇ ਤੋਂ ਪਹਿਲਾਂ ਸੜਕ ਬਣਾਈ ਜਾਵੇ ਤਾਂ ਜੋ ਸੰਗਤਾਂ ਦੀ ਤੇ ਐਨ ਆਰ ਆਈ ਗ੍ਰਾਹਕਾਂ ਦੀ ਖੱਜਲ-ਖੁਆਰੀ ਨਾ ਹੋਵੇ

ਰੋਜ਼ਾਨਾ ਲੋਕ ਬਾਣੀ www.lokbani

# ਪੰਚਾਇਤ ਚੋਣਾਂ 2024 ਲਈ ਚੋਣ ਆਬਜ਼ਰਵਰ ਅੰਮ੍ਰਿਤ ਸਿੰਘ ਕਪੂਰਥਲਾ ਪੁੱਜੇ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਡਾਇਰੈਕਟਰ, ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ, ਪੰਜਾਬ ਸ੍ਰੀਮਤੀ ਅੰਮ੍ਰਿਤ ਸਿੰਘ ਨੂੰ ਰਾਜ ਚੋਣ ਕਮਿਸ਼ਨ, ਪੰਜਾਬ ਵਲੋਂ ਗ੍ਰਾਮ ਪੰਚਾਇਤ ਚੋਣਾਂ-2024 ਸਬੰਧੀ ਜ਼ਿਲ੍ਹਾ ਕਪੂਰਥਲਾ ਦੇ ਚੋਣ ਆਬਜ਼ਰਵਰ ਵਜੋਂ ਨਿਯੁਕਤ ਕੀਤਾ ਗਿਆ ਹੈ। ਉਹ ਕਪੂਰਥਲਾ ਪੁੱਜ ਗਏ ਹਨ ਤੇ ਉਨਾਂ ਵੱਲੋਂ ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਸਮੇਤ ਨਾਮਜ਼ਦਗੀ ਪੇਪਰਾਂ ਦੀ ਸਮੀਖਿਆ ਕੀਤੀ ਗਈ ।

ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਦੱਸਿਆ ਕਿ ਸ੍ਰੀਮਤੀ ਅੰਮ੍ਰਿਤ ਸਿੰਘ ਵਲੋਂ ਜ਼ਿਲ੍ਹਾ ਕਪੂਰਥਲਾ ਵਿਖੇ ਪਹੁੰਚਣ ਉਪਰੰਤ ਸਰਪੰਚਾਂ ਅਤੇ ਪੰਚਾਂ ਲਈ ਭਰੀਆਂ ਗਈਆਂ ਨਾਮਜ਼ਦਗੀਆਂ ਦੀ ਵੀ ਪੜਤਾਲ ਕੀਤੀ ਗਈ।

ਚੋਣਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਜਾਂ ਸਮੱਸਿਆ ਸਬੰਧੀ ਉਮੀਦਵਾਰ ਜਾਂ ਕੋਈ ਵੀ ਵਿਅਕਤੀ ਚੋਣ ਆਬਜ਼ਰਬਰ ਦੇ ਸੰਪਰਕ ਨੰ: 98880-07644 'ਤੇ ਸਿੱਧਾ ਰਾਬਤਾ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਦੌਰਾਨ ਆਬਜ਼ਰਵਰ ਸਥਾਨਕ ਰੈਸਟ ਹਾਊਸ ਵਿਖੇ ਠਹਿਰਣਗੇ

ਰੋਜ਼ਾਨਾ ਲੋਕ ਬਾਣੀ www.lokbani

# ਕੌਮੀ ਸੇਵਕ ਰਾਮ ਲੀਲਾ ਕਮੇਟੀ ਨੇ ਸ਼੍ਰੀ ਰਾਮ ਜਨਮ-ਸੀਤਾ ਜਨਮ ਨਾਈਟ ਦਾ ਆਯੋਜਨ ਕੀਤਾ





ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ▲) ਕੌਮੀ ਸੇਵਕ ਰਾਮਲੀਲਾ ਕਮੇਟੀ ਵੱਲੋਂ ਸ਼੍ਰੀ ਹਨੂੰਮਾਨਗੜ੍ਹੀ ਮੰਦਿਰ ਵਿਖੇ ਕਰਵਾਈ ਜਾ ਰਹੀ ਰਾਮਲੀਲਾ ਦੀ ਦੂਸਰੀ ਰਾਤ ਡਾਇਰੈਕਟਰ ਨਰਿੰਦਰ ਸ਼ਰਮਾ ਨਿੰਦੀ ਅਤੇ ਕਿਸ਼ੋਰ ਹੀਰ ਦੀ ਨਿਰਦੇਸ਼ਨਾ ਹੇਠ ਸ਼੍ਰੀ ਰਾਮ ਅਤੇ ਸੀਤਾ ਦੇ ਜਨਮ ਦੇ ਝਾਕੀਆਂ ਪੇਸ਼ ਕੀਤੀਆਂ ਗਈਆਂ। ਕਮੇਟੀ ਦੇ ਪ੍ਰਧਾਨ ਬਲਦੇਵ ਰਾਜ ਸ਼ਰਮਾ ਅਤੇ ਪ੍ਰਿੰਸੀਪਲ ਇੰਦਰਜੀਤ ਕਰਵਲ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਦੂਜੀ ਰਾਤ ਵਿੱਚ ਦੀਪ ਜਗਾਉਣ ਦੀ ਰਸਮ ਸਮਾਜ ਸੇਵੀ ਆਸ਼ੂ ਪੁਰੀ ਅਤੇ ਸੁਖਬੀਰ ਸਿੰਘ ਕਿੰਨੜਾ ਨੇ ਨਿਭਾਈ। ਜਦੋਂ ਕਿ ਰੀਬਨ ਕੱਟ ਕੇ ਉਦਘਾਟਨ ਦੀ ਰਸਮ ਐਸਪੀ ਰੁਪਿੰਦਰ ਕੌਰ ਭੱਟੀ, ਡੀਐਸਪੀ ਭਾਰਤ ਭੂਸ਼ਨ, ਐਸਐਚਓ ਸਿਟੀ ਜਤਿੰਦਰ ਕੁਮਾਰ ਤੋਂ ਇਲਾਵਾ ਦੀਪਕ ਬਾਲੀ ਸਲਾਹਕਾਰ ਕਲਾ, ਸੱਭਿਆਚਾਰ ਅਤੇ ਭਾਸ਼ਾ ਵਿਭਾਗ ਦਿੱਲੀ ਸਰਕਾਰ ਵੱਲੋਂ ਸਾਂਝੇ ਤੌਰ 'ਤੇ ਸੰਪੰਨ ਕੀਤੀ ਗਈ। ਦੂਜੀ ਰਾਤ ਵਿੱਚ ਦਿਖਾਇਆ ਗਿਆ ਕਿ ਬੱਚਾ ਨਾ ਹੋਣ ਕਾਰਨ ਰਾਜਾ ਦਸ਼ਰਥ ਆਪਣੇ ਉੱਤਰਾਧਿਕਾਰੀ ਲਈ ਚਿੰਤਤ ਹੋ ਕੇ ਮਹਾਰਿਸ਼ੀ ਵਸ਼ਿਸ਼ਟ ਦੇ ਕਹਿਣ ਤੇ ਸ਼੍ਰਿੰਗੀ ਰਿਸ਼ੀ ਨੂੰ ਪੁਤ੍ਰੇਸ਼ਤੀ ਯੱਗ ਕਰਨ ਲਈ ਲੈ ਜਾਂਦਾ ਹੈ। ਨਤੀਜੇ ਵਜੋਂ ਰਾਜੇ ਦੇ ਮਹਿਲ ਵਿੱਚ ਰਾਮ, ਲਕਸ਼ਮਣ, ਭਰਤ ਅਤੇ ਸ਼ਤਰੂਘਨ ਦੇ ਰੂਪ ਵਿੱਚ ਚਾਰ ਰਾਜਕੁਮਾਰਾਂ ਦਾ ਜਨਮ ਹੁੰਦਾ ਹੈ। ਦੂਜੇ ਪਾਸੇ ਰਿਸ਼ੀ ਸਮਾਜ ਮਾਰੀਚ ਅਤੇ ਸੁਬਾਹੂ ਆਦਿ ਦੈਂਤਾਂ ਦੇ ਅੱਤਿਆਚਾਰਾਂ ਤੋਂ ਡਰਿਆ ਹੋਇਆ ਹੈ। ਯੱਗਾਂ ਵਿੱਚ ਦੈਂਤ ਵਿਨਾਸ਼ ਦਾ ਕਾਰਨ ਬਣਦੇ ਹਨ। ਇਹ ਸਭ ਦੇਖ ਕੇ ਰਿਸ਼ੀ ਵਿਸ਼ਵਾਮਿੱਤਰ ਰਾਜਾ ਦਸ਼ਰਥ ਦੀ ਮਦਦ ਲਈ ਰਘੂਕੁਲ ਦਾ ਦਰਵਾਜ਼ਾ ਖੜਕਾਉਂਦੇ ਹਨ। ਇਸ ਨਾਈਟ ਵਿੱਚ ਮਨਪ੍ਰੀਤ ਸੰਧੂ ਵਿਸ਼ਵਾਮਿੱਤਰ ਦੀ ਭੂਮਿਕਾ ਨਿਭਾਉਣਗੇ, ਅਸ਼ੋਕ ਕੁਮਾਰ ਰਾਜਾ ਜਨਕ ਦੀ ਭੂਮਿਕਾ ਨਿਭਾਉਣਗੇ, ਰਾਮਪਾਲ ਸੁਮਨ ਰਾਣੀ ਸੁਨਯਨਾ ਦੀ ਭੂਮਿਕਾ ਨਿਭਾਉਣਗੇ, ਲਕਸ਼ਮਣ ਦਾਸ ਸੁਮਨ ਸ਼੍ਰਿੰਗੀ ਰਿਸ਼ੀ ਦੀ ਭੂਮਿਕਾ ਨਿਭਾਉਣਗੇ, ਵਿਕਰਮ ਸ਼ਰਮਾ ਭੂਮਿਕਾ ਨਿਭਾਉਣਗੇ। ਦਸ਼ਰਥ, ਖਾਰ ਅਤੇ ਦੂਸ਼ਨ ਅਤੇ ਭੂਤਾਂ ਦੀਆਂ ਭੂਮਿਕਾਵਾਂ ਅਵਤਾਰ ਪੰਮਾ, ਮਨੋਜ ਟੰਡਨ, ਸਾਹਿਲ ਭਾਰਗਵ, ਨਿਸ਼ਾਂਤ ਸ਼ਰਮਾ, ਅਮਿਤ ਸੁਮਨ, ਰਿਸ਼ੀ ਵਸ਼ਿਸ਼ਟ ਬੰਟੀ ਬੱਤਰਾ, ਮੰਤਰੀ ਸੁਨੀਲ ਕੁਮਾਰ, ਅਭਿਲਾਸ਼ ਅਤੇ ਜਤਿਨ ਟੰਡਨ ਦੁਆਰਾ ਨਿਭਾਈਆਂ ਜਾਣਗੀਆਂ। ਸਟੇਜ ਦਾ ਸੰਚਾਲਨ ਲੈਕਚਰਾਰ ਹਰਜਿੰਦਰ ਗੋਗਨਾ ਅਤੇ ਰਣਜੀਤ ਪਾਬਲਾ ਨੇ ਬਾਖੂਬੀ ਕੀਤਾ। ਇਸ ਮੌਕੇ ਕਮੇਟੀ ਪ੍ਰਧਾਨ ਤਿਲਕ ਰਾਜ ਕਲੂਚਾ, ਤਰਸੇਮ ਲਾਲ ਸੁਮਨ, ਕੀਮਤੀ ਲਾਲ ਸ਼ਰਮਾ, ਕ੍ਰਿਸ਼ਨ ਬਜਾਜ, ਸੀਨੀਅਰ ਮੀਤ ਪ੍ਰਧਾਨ ਲਕਸ਼ਮਣ ਦਾਸ ਸੁਮਨ, ਮੀਤ ਪ੍ਰਧਾਨ ਦੀਪਕ ਭਾਰਦਵਾਜ, ਵੇਦ ਪ੍ਰਕਾਸ਼ ਤਨੇਜਾ, ਰਵਿੰਦਰ ਕੁਮਾਰ (ਨੀਟਾ) ਐਡਵੋਕੇਟ, ਪ੍ਰਦੀਪ ਸ਼ਰਮਾ, ਗੁਰਦੀਪ ਸੈਣੀ, ਡਾ. ਰਮਨ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਦਰਸ਼ਕ ਹਾਜ਼ਰ ਸਨ

ਰੋਜ਼ਾਨਾ ਲੋਕ ਬਾਣੀ www.lokbani

# ਨਾਮਜ਼ਦਗੀਆਂ ਦੇ ਆਖਰੀ ਦਿਨ 1589 ਸਰਪੰਚਾਂ ਅਤੇ 5318 ਪੰਚਾਂ ਨੇ ਭਰੇ ਫਾਰਮ



ਫਗਵਾੜਾ (ਜੀਵਨ ਸੰਘਾ/ਸੁਸ਼ੀਲ ਸ਼ਰਮਾ) ਪੰਚਾਇਤੀ ਚੋਣਾਂ ਸਬੰਧੀ ਨਾਮਜ਼ਦਗੀ ਪੱਤਰ ਭਰਨ ਦੇ ਆਖਰੀ ਦਿਨ ਜ਼ਿਲ੍ਹੇ ਦੇ ਪੰਜ ਬਲਾਕਾਂ ਚੋਂ 1589 ਸਰਪੰਚਾਂ ਅਤੇ 5318 ਪੰਚਾਂ ਦੀ ਚੋਣ ਲਈ ਫਾਰਮ ਭਰੇ ਗਏ, ਜਿਸ ਤਹਿਤ ਕੁੱਲ 546 ਪਿੰਡਾਂ ਤੋਂ 1811 ਸਰਪੰਚੀ ਅਤੇ 5953 ਪੰਚੀ ਦੇ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਅਮਿਤ ਕੁਮਾਰ ਪੰਚਾਲ ਨੇ ਦੱਸਿਆ ਕਿ ਜ਼ਿਲ੍ਹੇ ਦੇ ਪੰਜ ਬਲਾਕਾਂ ਚੋਂ ਸਰਪੰਚ ਅਤੇ ਪੰਚ ਦੀ ਚੋਣ ਲਈ ਭਰੇ ਗਏ ਨਾਮਜ਼ਦਗੀ ਪੱਤਰਾਂ ਅਨੁਸਾਰ ਬਲਾਕ ਕਪੂਰਥਲਾ ਵਿਚ ਸਰਪੰਚੀ ਲਈ 460, ਪੰਚੀ ਲਈ 1480, ਢਿਲਵਾਂ ਬਲਾਕ ਵਿਚ ਸਰਪੰਚੀ ਲਈ 322, ਪੰਚੀ ਲਈ 1055, ਨਡਾਲਾ ਬਲਾਕ ਵਿਚ ਸਰਪੰਚੀ ਲਈ 284, ਪੰਚੀ ਲਈ 1007, ਫਗਵਾੜਾ ਬਲਾਕ ਵਿਚ ਸਰਪੰਚੀ ਲਈ 321, ਪੰਚੀ ਲਈ 1097 ਅਤੇ ਸੁਲਤਾਨਪੁਰ ਲੋਧੀ ਬਲਾਕ ਵਿਚ ਸਰਪੰਚੀ ਲਈ 424 , ਪੰਚੀ ਲਈ 1314 ਨਾਮਜ਼ਦਗੀਆਂ ਸ਼ਾਮਲ ਹਨ ਉਨ੍ਹਾਂ ਦੱਸਿਆ ਕਿ 5 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਹੋਵੇਗੀ ਅਤੇ 7 ਅਕਤੂਬਰ ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। 15 ਅਕਤੂਬਰ ਨੂੰ ਵੋਟਿੰਗ ਪ੍ਰਕਿਰਿਆ ਹੋਵੇਗੀ।

ਉਨ੍ਹਾਂ ਜ਼ਿਲ੍ਹੇ ਦੇ ਵੋਟਰਾਂ ਨੂੰ ਬਿਨ੍ਹਾਂ ਕਿਸੇ ਡਰ, ਲਾਲਚ, ਭੈਅ ਤੋਂ ਆਪਣੇ ਵੋਟ ਦਾ ਇਸਤੇਮਾਲ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਲੋਕ ਵੱਧ ਚੜ੍ਹ ਕੇ ਵੋਟਿੰਗ ਵਿਚ ਹਿੱਸਾ ਲੈਣ ਤਾਂ ਜੋ ਲੋਕਤੰਤਰ ਦੀ ਮੁਢਲੀਆਂ ਇਕਾਇਆਂ ਪੰਚਾਇਤਾਂ ਦੀ ਸਫਲਤਾਪੂਰਵਕ ਚੋਣ ਨਾਲ ਲੋਕਤੰਤਰ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।

ਰੋਜ਼ਾਨਾ ਲੋਕ ਬਾਣੀ www.lokbani

# ਡਾਂਡੀਆ ਚ ਦਾਖ਼ਲ ਹੋ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਚ ਨੌਜਵਾਨਾਂ ਦੀ ਕੁੱਟਮਾਰ: ਪੁਲਿਸ ਰਿਪੋਰਟ

ਕਾਨਪੁਰ (ਸੁਨੀਲ ਬਾਜਪਾਈ) ਇੱਥੇ ਬੀਤੀ ਰਾਤ ਡਾਂਡੀਆ ਦੌਰਾਨ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਵਿੱਚ ਗ਼ੈਰ-ਬਰਾਦਰੀ ਦੇ ਦੱਸੇ ਜਾਂਦੇ ਦੋ ਨੌਜਵਾਨਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਪੁਲਿਸ ਨੇ ਘਟਨਾ ਦੀ ਰਿਪੋਰਟ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪ੍ਰਬੰਧਕਾਂ ਨੇ ਮੁਸਲਿਮ ਹੋਣ ਦੇ ਸ਼ੱਕ ਚ ਦੋਵਾਂ ਨੌਜਵਾਨਾਂ ਤੋਂ ਆਧਾਰ ਕਾਰਡ ਮੰਗੇ ਪਰ ਉਹ ਨਹੀਂ ਦਿਖਾ ਸਕੇ, ਜਿਸ ਤੋਂ ਬਾਅਦ ਦੋਵਾਂ ਨੂੰ ਘੇਰ ਕੇ ਜੁੱਤੀਆਂ ਨਾਲ ਕੁੱਟਿਆ ਗਿਆ। ਕੱਪੜੇ ਪਾੜ ਦਿੱਤੇ। ਦੋਨੋਂ ਭੱਜਣ ਲਈ ਬਾਜ਼ਾਰ ਵੱਲ ਭੱਜੇ, ਫਿਰ ਵੀ ਉਹ ਨਾ ਹਟੇ। ਪੂਰਾ ਮਾਮਲਾ ਸਵਰੂਪ ਨਗਰ ਇਲਾਕੇ ਦਾ ਹੈ।

ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪੁਲਿਸ ਨੇ ਰਿਪੋਰਟ ਦਰਜ ਕਰ ਲਈ ਹੈ। ਦੋਵਾਂ ਨੌਜਵਾਨਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

ਜਾਣਕਾਰੀ ਮੁਤਾਬਕ ਸਵਰੂਪ ਨਗਰ ਚ ਡਾਂਡੀਆ ਪ੍ਰੋਗਰਾਮ ਕਰਵਾਇਆ ਗਿਆ। ਇਸ ਚ ਆਧਾਰ ਕਾਰਡ ਅਤੇ ਪਾਸ ਦੇ ਆਧਾਰ ਤੇ ਐਂਟਰੀ ਦਿੱਤੀ ਜਾ ਰਹੀ ਸੀ। ਰਾਤ ਨੂੰ ਅਚਾਨਕ ਹੋਰ ਲੋਕ ਆ ਗਏ ਤਾਂ ਨਾਂ ਪੁੱਛ ਕੇ ਐਂਟਰੀ ਦਿੱਤੀ ਗਈ।

ਪ੍ਰਬੰਧਕਾਂ ਦਾ ਕਹਿਣਾ ਹੈ- ਐਂਟਰੀ ਦੇ ਸਮੇਂ ਦੋਵਾਂ ਨੌਜਵਾਨਾਂ ਨੇ ਗਲਤ ਨਾਂ ਦੱਸੇ। ਮੱਥੇ ਤੇ ਤਿਲਕ ਵੀ ਲਗਾਇਆ।

ਇਸ ਪ੍ਰੋਗਰਾਮ ਦੌਰਾਨ ਉਸ ਦੀ ਗਤੀਵਿਧੀ ਸ਼ੱਕੀ ਨਜ਼ਰ ਆਈ। ਇਸ ਤੋਂ ਬਾਅਦ ਦੋਵਾਂ ਨੂੰ ਆਧਾਰ ਕਾਰਡ ਦਿਖਾਉਣ ਲਈ ਕਿਹਾ ਗਿਆ ਪਰ ਉਹ ਟਾਲਮਟੋਲ ਕਰਨ ਲੱਗੇ। ਉਨ੍ਹਾਂ ਕਿਹਾ ਕਿ ਅਸੀਂ ਆਧਾਰ ਕਾਰਡ ਨਹੀਂ ਲਿਆਏ ਹਨ। ਉਸ ਨੂੰ ਕੁਝ ਸਵਾਲ ਪੁੱਛੇ ਗਏ। ਇਸ ਦਾ ਜਵਾਬ ਵੀ ਦੋਵੇਂ ਨਹੀਂ ਦੇ ਸਕੇ। ਬਾਅਦ ਚ ਪਤਾ ਲੱਗਾ ਕਿ ਦੋਵੇਂ



ਨੌਜਵਾਨ ਗੈਰ ਭਾਈਚਾਰੇ ਨਾਲ ਸਬੰਧਤ ਸਨ। ਫਿਲਹਾਲ ਪੁਲਸ ਨੇ ਘਟਨਾ ਦੀ ਰਿਪੋਰਟ ਦਰਜ ਕਰ ਲਈ ਹੈ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਜ਼ਿਲ੍ਹੇ ਦੇ 176 ਗ੍ਰਾਮ ਪੰਚਾਇਤਾਂ ਲਈ 649 ਸਰਪੰਚ ਅਤੇ 2233 ਪੰਚਾਂ ਦੀਆਂ ਨਾਮਜ਼ਦਗੀਆਂ ਦਾਖਲ , ਕਾਗਜਾਂ ਦੀ ਪੜਤਾਲ ਜਾਰੀ

ਮਾਲੇਰਕੋਟਲਾ (ਕਿਮੀ ਅਰੋੜਾ,ਅਸਲਮ ਨਾਜ਼) ਪਚਾਇਤੀ ਚੋਣਾਂ ਸਬੰਧੀ ਜ਼ਿਲ੍ਹੇ ਵਿੱਚ 176 ਪੰਚਾਇਤਾਂ ਬਾਬਤ ਸਰਪੰਚਾਂ ਲਈ 649 ਅਤੇ ਪੰਚਾਂ ਲਈ 2233 ਨਾਮਜਾਦੀਆਂ ਦਾਖ਼ਲ ਹੋਈਆ ਹਨ । ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਦੱਸਿਆ ਕਿ ਬਲਾਕ ਮਾਲੇਰਕੋਟਲਾ ਵਿੱਚ ਪੰਚਾਇਤਾਂ ਦੀ ਗਿਣਤੀ 69,ਅਮਰਗੜ੍ਹ ਵਿੱਚ 60, ਅਹਿਮਦਗੜ੍ਹ ਵਿੱਚ 47 ਹੈ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖੀਰਲੀ ਮਿਤੀ ਤੱਕ ਬਲਾਕ ਮਾਲੇਰਕੋਟਲਾ ਲਈ 247 ਸਰਪੰਚਾਂ ਲਈ ਅਤੇ 862 ਪੰਚਾਂ ਲਈ,



ਅਮਰਗੜ੍ਹ ਵਿੱਚ 230 ਸਰਪੰਚਾਂ ਲਈ ਅਤੇ 736 ਪੰਚਾਂ ਲਈ ਅਤੇ ਬਲਾਕ ਅਹਿਮਦਗੜ੍ਹ ਲਈ 172 ਸਰਪੰਚਾਂ ਅਤੇ 635 ਪੰਚਾਂ ਲਈ ਨਾਮਜ਼ਦਗੀਆਂ ਦਾਖਲ ਹੋਈਆ ਹਨ ।ਪੰਚਾਇਤੀ ਚੋਣਾਂ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਮੁਕੰਮਲ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 256 ਪੋਲਿੰਗ ਸਟੇਸ਼ਨਾਂ ਤੇ ਕਰੀਬ 1552 ਪੋਲਿੰਗ ਸਟਾਫ (ਸਮੇਤ ਰਿਜਰਵ ਸਟਾਫ) ਦੀ ਡਿਊਟੀ ਲਗਾਈ ਗਈ ਹੈ। ਪੰਚਾਇਤੀ ਚੋਣਾਂ ਲਈ ਨਿਯੁਕਤ ਕੀਤੇ ਜਾਣ ਵਾਲੇ ਪੋਲਿੰਗ ਸਟਾਫ ਦੀ 6,11 ਤੇ 14 ਅਕਤੂਬਰ ਨੂੰ ਹੋਣ ਵਾਲੀ ਟਰੇਨਿੰਗ ਲਈ ਪੋਲਿੰਗ ਸਟਾਫ ਦੀ ਸਹੂਲਤ ਲਈ ਸਾਰੇ ਪ੍ਰਬੰਧ ਸਮੇਂ ਸਿਰ ਮੁਕੰਮਲ ਕਰ ਲਏ ਗਏ ਹਨ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਪੇਸ਼ ਨਾ ਆਵੇ ।

ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹੇ ਅੰਦਰ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਨਾ ਵਿਖਾਈ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਚੋਣ ਲੜਨ ਵਾਲੇ ਉਮੀਦਵਾਰਾਂ ਦੇ ਚੋਣ ਖਰਚਿਆਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਇਸ ਲਈ ਉਹ ਆਪਣੀ ਨਿਰਧਾਰਿਤ ਖਰਚ ਸੀਮਾਂ ਵਿੱਚ ਖਰਚ ਕਰਨ ਨੂੰ ਯਕੀਨੀ ਬਣਾਉਣ ।

ਉਨ੍ਹਾਂ ਦੱਸਿਆ ਕਿ ਕਾਗਜ਼ਾਂ ਦੀ ਪੜਤਾਲ ਅੱਜ 5 ਅਕਤੂਬਰ, 2024 ਨੂੰ ਕੀਤੀ ਜਾਵੇਗੀ, ਜਦਕਿ ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 7 ਅਕਤੂਬਰ, 2024 ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਹੈ।

ਰੋਜ਼ਾਨਾ ਲੋਕ ਬਾਣੀ www.lokbani

# ਸਿਵਲ ਸਰਜਨ ਵੱਲੋਂ ਵੱਖ-ਵੱਖ ਜਗ੍ਹਾ ਤੇ ਕੀਤੀ ਚੈਕਿੰਗ ਕਈ ਕਰਮਚਾਰੀ ਮੇਰੇ ਗੈਰ ਹਾਜ਼ਰ

## ਗੰਭੀਰ ਨੋਟਿਸ ਲੈਂਦਿਆ ਕੀਤੀ ਗਈ ਜਵਾਬ ਤਲਬੀ, ਵਿਭਾਗੀ ਕਾਰਵਾਈ ਲਈ ਕਾਰਵਾਈ ਦੇ ਆਦੇਸ਼

ਅੰਮ੍ਰਿਤਸਰ,(ਲੋਕ ਬਾਣੀ) - ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵਲੋਂ ਵੱਖ-ਵੱਖ ਸਿਹਤ ਸੰਸਥਾਵਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਅਵਸਰ ਤੇ ਜਾਣਕਾਰੀ ਦਿੰਦਿਆ ਡਾ. ਕਿਰਨਦੀਪ ਕੌਰ ਨੇ ਕਿਹਾ ਕਿ ਇਸ ਚੈਕਿੰਗ ਦੌਰਾਣ ਜਿਲੇ ਪੱਧਰ ਤੋਂ ਸਵੇਰੇ 8 ਵਜੇ ਤੋਂ ਹੀ ਚੈਕਿੰਗ ਦੀ ਸ਼ੁਰੂਆਤ ਕੀਤੀ ਗਈ। ਜਿਸ ਦੌਰਾਣ ਉਹਨਾਂ ਵਲੋਂ ਸੈਟੇਲਾਈਟ ਹਸਪਤਾਲ ਤੇ ਆਮ ਆਦਮੀਂ ਕਲੀਨਿਕ ਸੱਕਤਰੀ ਬਾਗ, ਯੂ.ਪੀ.ਐਚ.ਸੀ. ਤੇ ਆਮ ਆਦਮੀਂ ਕਲੀਨਿਕ ਭਗਤਾਂਵਾਲਾ, ਯੂ.ਪੀ. ਐਚ.ਸੀ. ਤੇ ਆਮ ਆਦਮੀਂ ਕਲੀਨਿਕ ਜੌਧ ਨਗਰ, ਆਮ ਆਦਮੀਂ ਕਲੀਨਿਕ ਈਸਟ ਮੋਹਨ ਨਗਰ, ਆਮ ਆਦਮੀਂ ਕਲੀਨਿਕ ਫੋਕਲ ਪੁਆਇੰਟ, ਯੂ.ਪੀ. ਐਚ.ਸੀ. ਤੇ ਆਮ ਆਦਮੀਂ ਕਲੀਨਿਕ ਗਵਾਲ ਮੰਡੀ, ਯੂ.ਪੀ.ਐਚ.ਸੀ. ਤੇ ਆਮ ਆਦਮੀਂ ਕਲੀਨਿਕ ਪਤਲੀਘਰ ਅਤੇ ਆਮ ਆਦਮੀਂ ਕਲੀਨਿਕ ਰਣਜੀਤ ਐਵੀਨਿਓ ਵਿਖੇ ਚੈਕਿੰਗ ਕੀਤੀ ਗਈ। ਇਸਦੇ ਨਾਲ ਹੀ ਦੂਸਰੀ ਟੀਮ ਵਿਚ ਸਹਾਇਕ ਸਿਵਲ ਸਰਜਨ ਡਾ.ਰਜਿੰਦਰ ਪਾਲ ਕੌਰ ਵਲੋਂ ਆਮ ਆਦਮੀਂ ਕਲੀਨਿਕ ਤਹਿਸੀਲਪੁਰਾ,ਆਮ ਆਦਮੀਂ ਕਲੀਨਿਕ ਨਵਾਂਪਿੰਡ,ਆਮ ਆਦਮੀਂ ਕਲੀਨਿਕ ਤੇ ਪੀ.ਐਚ.ਸੀ. ਜੰਡਿਆਲਾ ਗੁਰੂ ਅਤੇ ਸੀ.ਐਚ.ਸੀ. ਮਾਨਾਂਵਾਲਾ ਵਿਖੇ ਚੈਕਿੰਗ ਕੀਤੀ ਗਈ। ਇਸ ਚੈਕਿੰਗ ਦੌਰਾਣ ਬਹੁਤ ਸਾਰੇ ਆਮ ਆਦਮੀਂ ਕਲੀਨਿਕਾਂ ਅਤੇ ਵੱਖ-ਵੱਖ ਸੰਸਥਾਵਾਂ ਦਾ ਸਟਾਫ ਗੈਰ ਹਾਜਰ ਪਾਇਆ ਗਿਆ। ਇਸਦੇ ਸੰਬਧ ਵਿੱਚ ਸਿਵਲ ਸਰਜਨ ਡਾ.ਕਿਰਨਦੀਪ ਕੌਰ ਵਲੋਂ ਗੰਭੀਰ ਨੋਟਿਸ ਲੈਂਦਿਆ ਜਵਾਬਤਲਬੀ ਦੇ ਨਾਲ-ਨਾਲ ਵਿਭਾਗੀ ਕਾਰਵਾਈ ਕਰਨ ਲਈ ਵੀ ਕਿਹਾ ਗਿਆ। ਇਸਤੋਂ ਇਲਾਵਾ ਕੁਝ ਸੈਂਟਰਾਂ ਵਿਚ ਕੰਮ ਬਹੁਤ ਵਧੀਆ ਪਾਇਆ ਗਿਆ, ਜਿਸਤੇ ਉਹਨਾਂ ਵਲੋਂ ਸਟਾਫ ਦੀ ਸ਼ਲਾਘਾ ਵੀ ਕੀਤੀ ਗਈ। ਇਸਤੋਂ ਇਲਾਵਾ ਓ.ਪੀ.



ਡੀ. ਸੇਵਾਵਾਂ, ਦਵਾਈਆਂ, ਲੈਬ ਟੈਸਟ ਅਤੇ ਆਨ ਲਾਈਨ ਰਿਕਾਰਡ ਦੀ ਜਾਂਚ ਕੀਤੀ ਗਈ ਅਤੇ ਮਰੀਜਾਂ ਕੋਲੋ ਵੀ ਪੁਛ-ਗਿਛ ਕੀਤੀ ਗਈ ਅਤੇ ਸੰਬਧਤ ਸਟਾਫ ਨੂੰ ਮੌਕੇ ਤੇ ਹੋਰ ਬੇਹਤਰ ਸੇਵਾਵਾਂ ਦੇਣ ਸੰਬਧੀ ਹਿਦਾਇਤਾਂ ਦਿੱਤੀਆਂ ਗਈਆ। ਉਹਨਾਂ ਵਲੋਂ ਸਮੂਹ ਸਟਾਫ ਨੂੰ ਸਮੇਂ ਦੇ ਪਾਬੰਦ ਰਹਿਣ, ਸਾਫ ਸਫਾਈ ਦਾ ਧਿਆਨ ਰੱਖਣ, ਮਰੀਜਾਂ ਨਾਲ ਚੰਗਾ ਵਿਵਹਾਰ ਕਰਨ ਅਤੇ ਸੇਵਾ ਭਾਵ ਨਾਲ ਕੰਮ ਕਰਨ ਲਈ ਪਹਿਲਾਂ ਤੋਂ ਹੀ ਹਿਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ।

ਰੋਜ਼ਾਨਾ ਲੋਕ ਬਾਣੀ www.lokbani

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਪੰਜਾਬ ਸਰਕਾਰ ਦੇ ਨਿਰਦੇਸ਼ਾਂ ਮੁਤਾਬਿਕ ਡਰੱਗ ਕੰਟਰੋਲਰ ਅਧਿਕਾਰੀ ਬਬਲੀਨ ਕੌਰ ਨੇ ਦੁਕਾਨਾਂ ਦੀ ਕੀਤੀ ਚੈਕਿੰਗ



ਅੰਮ੍ਰਿਤਸਰ (ਲੋਕ ਬਾਣੀ) ਪੰਜਾਬ ਸਰਕਾਰ ਦੇ ਆਦੇਸ਼ਾਂ ਅਤੇ ਅਸਿਸਟੈਂਟ ਕਮਿਸ਼ਨਰ ਡਰੱਗ ਅਮਿਤ ਦੁੱਗਲ ਦੇ ਦਿਸ਼ਾ ਨਿਰਦੇਸ਼ਾਂ ਦੇ ਚੱਲਦਿਆਂ ਡਰੱਗ ਕੰਟਰੋਲਰ ਅਧਿਕਾਰੀ ਅੰਮ੍ਰਿਤਸਰ ਟੂ ਬਬਲੀਨ ਕੌਰ ਵੱਲੋਂ ਦਵਾਈਆਂ ਦੀਆਂ ਦੁਕਾਨਾਂ ਤੇ ਜਾ ਕੇ ਚੈਕਿੰਗ ਕੀਤੀ ਗਈ। ਬਬਲੀਨ ਕੌਰ ਨੇ ਦੱਸਿਆ ਮੇਨ ਬਾਜ਼ਾਰ ਸੁਲਤਾਨਵਿੰਡ ਪਿੰਡ ਅੰਮ੍ਰਿਤਸਰ ਸਥਿਤ ਨਿਰਮਲ ਫਾਰਮੇਸੀ ਦੁਕਾਨ ਤੇ ਚੈਕਿੰਗ ਕੀਤੀ ਗਈ ਜਿਸ ਦੌਰਾਨ ਦੋ ਤਰ੍ਹਾਂ ਦੀਆਂ ਦਵਾਈਆਂ ਦਾ ਪ੍ਰਚੇਜ ਰਿਕਾਰਡ ਨਹੀਂ ਪਾਇਆ ਗਿਆ। ਜਿਨਾਂ ਦੀ ਕੀਮਤ ਕਰੀਬ 70500 ਰੁਪਏ ਬਣਦੀ ਸੀ। ਦੁਕਾਨਦਾਰ ਵੱਲੋਂ ਲਾਇਸੰਸ ਵੀ ਡਿਸਪਲੇ ਨਹੀਂ ਕੀਤਾ ਗਿਆ ਸੀ ਅਤੇ ਸੇਲ ਰਿਕਾਰਡ ਵੀ ਅਧੂਰਾ ਪਾਇਆ ਗਿਆ ਹੈ। ਗੁਰੂ ਰਾਮਦਾਸ ਮਾਰਕੀਟ ਕੋਠ ਬਾਬਾ ਦੀਪ ਸਿੰਘ ਵਿਖੇ ਸਰਦਾਰ ਮੈਡੀਕਲ ਏਜੰਸੀ ਦੀ ਚੈਕਿੰਗ ਦੇ ਦੌਰਾਨ ਵੀ ਕਮੀਆਂ ਪੇਸ਼ੀਆਂ ਪਾਈਆਂ ਗਈਆਂ ਹਨ। ਜਿਸ ਸਬੰਧੀ ਉੱਚ ਅਧਿਕਾਰੀਆਂ ਨੂੰ ਕਾਰਵਾਈ ਕਰਨ ਸਬੰਧੀ ਸੂਚਿਤ ਕਰ ਦਿੱਤਾ ਗਿਆ ਹੈ। ਕਾਰਵਾਈ ਦੌਰਾਨ ਕਰਮਚਾਰੀ ਨਰੇਸ਼ ਕੁਮਾਰ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ www.lokbani

# ਵਿਦਿਆਰਥੀਆਂ ਨੂੰ ਜੰਗਲਾਂ ਵਿੱਚ ਜੰਗਲਾਂ ਅਤੇ ਜੰਗਲੀ ਜੀਵਾਂ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ




ਚੰਡੀਗੜ੍ਹ। (ਲੋਕ ਬਾਣੀ) ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ, ਦਰੀਆ, ਚੰਡੀਗੜ੍ਹ ਵਿਖੇ ਆਯੋਜਿਤ ਵਾਈਲਡ ਲਾਈਫ ਸਪਤਾ ਦੇ ਤਹਿਤ ਅੱਜ ਵਿਦਿਆਰਥੀਆਂ ਨੇ ਵਾਤਾਵਰਣ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਨੈਪਲਜ਼ ਦੇ ਜੰਗਲਾਂ ਦਾ ਦੌਰਾ ਕੀਤਾ। ਬੱਚਿਆਂ ਨੇ ਉਥੇ ਜਾ ਕੇ ਅਧਿਆਪਕਾਂ ਤੋਂ ਜੰਗਲਾਂ ਅਤੇ ਜੰਗਲੀ ਜੀਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ। ਉਸਨੇ ਦੇਖਿਆ ਕਿ ਜੰਗਲ ਜੰਗਲੀ ਜਾਨਵਰਾਂ ਲਈ ਪਨਾਹ ਅਤੇ ਭੋਜਨ ਦਾ ਸਥਾਨ ਹੈ। ਇੱਥੇ ਜਾਨਵਰ ਅਤੇ ਪੰਛੀ ਵਧੀਆ ਜੀਵਨ ਬਤੀਤ ਕਰ ਸਕਦੇ ਹਨ। ਰੁੱਖ ਵਾਤਾਵਰਨ ਨੂੰ ਸ਼ੁੱਧ ਬਣਾਉਂਦੇ ਹਨ। ਸਿਹਤਮੰਦ ਰਹਿਣ ਲਈ ਤਾਜ਼ੀ ਅਤੇ ਪ੍ਰਦੂਸ਼ਣ ਰਹਿਤ ਹਵਾ ਜ਼ਰੂਰੀ ਹੈ। ਇਸ ਲਈ ਪੌਦੇ ਲਗਾਉਣੇ ਜ਼ਰੂਰੀ ਹਨ। ਸ਼ਹਿਰੀਕਰਨ ਕਾਰਨ ਜੰਗਲਾਂ ਦਾ ਘੇਰਾ ਘਟਦਾ ਜਾ ਰਿਹਾ ਹੈ। ਦਰੱਖਤਾਂ ਦੀ ਕਟਾਈ ਕਾਰਨ ਜੰਗਲੀ ਜਾਨਵਰ ਲੋਕਾਂ ਦੇ ਘਰਾਂ ਵਿੱਚ ਆ ਜਾਂਦੇ ਹਨ। ਇਸ ਨਾਲ ਮਨੁੱਖਾਂ ਅਤੇ ਜਾਨਵਰਾਂ ਦੀ ਜ਼ਿੰਦਗੀ ਪ੍ਰਭਾਵਿਤ ਹੁੰਦੀ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਅਸਲ ਵਿੱਚ ਜੰਗਲ ਅਤੇ ਜੰਗਲੀ ਜੀਵ ਸਾਡਾ ਧਨ ਹਨ। ਇਸ ਦੀ ਸੁਰੱਖਿਆ ਅਤੇ ਪ੍ਰਚਾਰ ਜ਼ਰੂਰੀ ਹੈ। ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਨੇ ਕਿਤਾਬਾਂ ਵਿੱਚ ਜੰਗਲਾਂ ਬਾਰੇ ਪੜ੍ਹਿਆ ਸੀ ਪਰ ਇਸ ਨੂੰ ਪ੍ਰਯੋਗਿਕ ਤੌਰ 'ਤੇ ਦੇਖਦਿਆਂ ਉਨ੍ਹਾਂ ਵਿੱਚ ਜੰਗਲਾਂ ਅਤੇ ਜੰਗਲੀ ਜੀਵਾਂ ਪ੍ਰਤੀ ਮੋਹ ਦੀ ਭਾਵਨਾ ਵਧੀ ਹੈ। ਜਾਨਵਰ ਅਤੇ ਪੰਛੀ ਸਾਡੇ ਦੋਸਤ ਹਨ। ਇਨ੍ਹਾਂ ਦੀ ਸੰਭਾਲ ਕਰਨਾ ਸਾਰਿਆਂ ਦੀ ਜ਼ਿੰਮੇਵਾਰੀ ਹੈ। ਇਨ੍ਹਾਂ ਤੋਂ ਕੁਦਰਤ ਨੂੰ ਚਾਰ ਚੰਨ ਲੱਗ ਜਾਂਦੇ ਹਨ। ਇਸ ਮੌਕੇ ਅਧਿਆਪਕਾਂ ਨੇ ਉਨ੍ਹਾਂ ਦਾ ਭਰਪੂਰ ਮਾਰਗਦਰਸ਼ਨ ਕੀਤਾ। ਡਾ: ਵਿਨੋਦ ਕੁਮਾਰ ਨੇ ਦੱਸਿਆ ਕਿ ਇਸ ਦੌਰੇ ਦਾ ਮੁੱਖ ਮਕਸਦ ਵਿਦਿਆਰਥੀਆਂ ਨੂੰ ਜੰਗਲੀ ਜੀਵਾਂ ਅਤੇ ਜੰਗਲਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣਾ ਸੀ ।

ਰੋਜ਼ਾਨਾ ਲੋਕ ਬਾਣੀ www.lokbani

# ਮੈਡੀਕਲ ਪ੍ਰੈਕਟੀਸ਼ਨਰ ਅਤੇ ਵਿਲਾਸਾ ਹਸਪਤਾਲ ਨੇ ਵੱਖ-ਵੱਖ ਬਿਮਾਰੀਆਂ ਤੇ ਕਰਵਾਇਆ ਸੈਮੀਨਾਰ



ਅੰਮ੍ਰਿਤਸਰ,(ਲੋਕ ਬਾਣੀ) - ਡਿਸਟਰਿਕਟ ਮੈਡੀਕਲ ਪ੍ਰੈਕਟੀਸ਼ਨਰ ਐਸੋਸਿਏਸ਼ਨ ਅੰਮ੍ਰਿਤਸਰ ਅਤੇ ਵਿਲਾਸਾ ਹਸਪਤਾਲ (ਆਈ.ਵੀ.ਵਾਈ ਹਸਪਤਾਲ) ਵਲ਼ੋ ਗੁਰਦਿਆ ਦੀਆਂ ਬੀਮਾਰੀਆ ਅਤੇ ਆਈਸੀਯੂ ਵਿੱਚ ਕ੍ਰਿਟੀਕਲ ਐਮਰਜੈਂਸੀ ਮਰੀਜ਼ਾ ਦੇ ਰੋਗਾਂ ਤੇ ਵਿਸ਼ੇਸ਼ ਸੇਮੀਨਾਰ ਕਰਵਾਇਆ ਗਿਆ। ਜਿਸ ਵਿਚ ਖ਼ਾਸ ਤੌਰ ਤੇ ਡਾਕਟਰ ਰਾਧਿਕਾ ਗਰਗ ਕਿਡਨੀ ਰੋਗਾਂ ਦੇ ਮਾਹਿਰ ਅਤੇ ਡਾਕਟਰ ਗੌਤਮ ਪੁਰੀ ਬੱਚਿਆ ਦੇ ਰੋਗਾਂ ਦੇ ਮਾਹਿਰ ਵੱਲੋ ਬਿਮਾਰੀਆ ਸਬੰਧੀ ਜਾਣਕਾਰੀਆਂ ਸਾਂਝੀਆਂ ਕੀਤੀਆਂ ਗਈ। ਇਸ ਮੌਕੇ ਵਿਲਾਸਾ ਹਸਪਤਾਲ ਵਲੋਂ ਚੇਅਰਮੈਨ ਡਾਕਟਰ ਪ੍ਰਭਜੀਤ ਸਿੰਘ ,ਪ੍ਰਧਾਨ ਡਾਕਟਰ ਜਸਪ੍ਰੀਤ ਸਿੰਘ ਅਤੇ ਐਸੋਸੀਏਸ਼ਨ ਦੇ ਸਾਰੇ ਮੈਂਬਰਾ ਦਾ ਵਿਸੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਮਾਰਕੀਟਿੰਗ ਹੈਡ ਅਭਿਨਵ ਰਾਏ ਨੇ ਵਿਲਾਸਾ ਹਸਪਤਾਲ ਵੱਲੋ ਦਿੱਤੀਆ ਜਾ ਅਤਿ ਆਧੁਨਿਕ ਸਹੂਲਤਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਜਨਰਲ ਸਕੱਤਰ ਡਾ.ਪ੍ਰਭ ਸਿੰਘ,ਉਪ ਚੇਅਰਮੈਨ ਡਾ ਹਰਦਿਆਲ ਸਿੰਘ ਚੀਮਾ ,ਵਿੱਤ ਸਕੱਤਰ ਡਾ.ਸੁਰਜੀਤ ਸਿੰਘ,ਕਾਰਜਕਾਰੀ ਮੈਂਬਰ ਡਾ.ਗੁਰਮੇਜ ਸਿੰਘ,ਡਾ ਕੁਲਬੀਰ ਸਿੰਘ ,ਡਾ.ਰਛਪਾਲ ਸਿੰਘ,ਡਾ.ਪਰਮਿੰਦਰ ਸਿੰਘ ,ਡਾ.ਜਸਬੀਰ ਸਿੰਘ ,ਡਾ ਦਿਲਬਾਗ ਸਿੰਘ ,, ,ਡਾ ਬਲਦੇਵ ਸਿੰਘ , ਡਾ ਸੁਖਵਿੰਦਰ ਸਿੰਘ ਖ਼ਾਲਸਾ ,ਡਾ ਦਿਲਬਾਗ ਸਿੰਘ , ਡਾ ਭੁਪਿੰਦਰ ਸਿੰਘ ,ਡਾ ਰਾਜਵੀਰ ,ਡਾ ਬਲਵਿੰਦਰ ਸਿੰਘ ਅਤੇ ਸਾਰੇ ਮੈਂਬਰ ਸਾਹਿਬਾਨ ਹਾਜ਼ਰ ਸਨ॥

ਰੋਜ਼ਾਨਾ ਲੋਕ ਬਾਣੀ www.lokbani

# ਝੰਡਾ ਚੜ੍ਹਾ ਕੇ ਦਲਿਤ ਮੁਕਤੀ ਮੋਰਚੇ ਦੀ ਕਰਾਂਗੇ ਸਮਾਪਤੀ

## ਆਪਣੇ ਹੱਕਾਂ ਲਈ ਸੰਘਰਸ਼ ਲੜਨ ਕਿਰਤੀ ਲੋਕ: ਹਥੋਆ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ ) ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਚੱਲੇ ਦਲਿਤ ਮੁਕਤੀ ਮਾਰਚ ਦੀ 47ਵੇਂ ਦਿਨ ਸੇਖਾ(ਬਰਨਾਲਾ) ਵਿੱਚ ਸਮਾਪਤੀ ਹੋਈ।

ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਵਿੱਤ ਸਕੱਤਰ ਬਿੱਕਰ ਹਥੋਆ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਨੇ ਜ਼ਮੀਨੀ ਘੋਲ ਪਿੰਡ ਸੇਖਾ (ਬਰਨਾਲਾ) ਤੋਂ ਸ਼ੁਰੂ 20 14ਵਿੱਚ ਸ਼ੁਰੂ ਕੀਤਾ ਅਤੇ ਇਹਨਾਂ 10 ਸਾਲਾਂ ਵਿੱਚ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਪੰਚਾਇਤੀ ਜ਼ਮੀਨ ਵਿਚੋਂ ਤੀਜਾ ਦੀ ਹਿੱਸਾ ਲਗਭਗ ਦਰਜਨਾ ਪਿੰਡਾਂ ਵਿੱਚ ਘੱਟ ਰੇਟ ਤੇ ਦਵਾਇਆ, ਨਜੂਲ ਜ਼ਮੀਨਾ ਦੇ ਮਾਲਕੀ ਹੱਕ ਲਈ 3ਵਾਰ ਨੋਟੀਫਿਕੇਸ਼ਨ ਕਰਵਾਏ ਅਤੇ ਜ਼ਮੀਨ ਤੇ ਘੜੰਮ ਚੌਧਰੀਆਂ ਵੱਲੋਂ ਕੀਤੇ ਨਜਾਇਜ਼ ਕਬਜ਼ੇ ਛੁਡਵਾਉਏ, ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੀਆਂ ਰਜਿਸਟਰੀਆਂ ਸੰਬੰਧੀ ਸਕੀਮ ਨੂੰ ਪੰਜਾਬ ਅੰਦਰ ਲਾਗੂ ਕਰਵਾਇਆ, ਲੋੜਵੰਦ ਪਰਿਵਾਰਾਂ ਨੂੰ 5-5 ਮਰਲੇ ਪਲਾਟ ਅਲਾਟ ਕਰਵਾਏ ਕਈ ਪਰਿਵਾਰਾਂ ਨੂੰ ਬਰਸਾਤਾਂ ਕਾਰਨ ਡਿੱਗੀਆਂ ਛੱਤਾਂ ਦੇ ਮੁਆਵਜੇ ਦਵਾਏ, ਬਹੁਤ ਸਾਰੇ ਪਿੰਡਾਂ ਦੇ ਲੋਕਾਂ ਨੂੰ ਕੋਆਪਰੇਟਿਵ ਸੁਸਾਇਟੀਆ ਵਿਚ ਮੈਂਬਰ ਬਣਵਾਇਆ। ਪਿਛਲਾ ਕਰਜ਼ਾ ਮਾਫ ਕਰਵਾਇਆ।ਪਿੰਡਾਂ ਵਿੱਚ ਮਨਰੇਗਾ ਦਾ ਸਹੀ ਢੰਗ ਨਾਲ ਕੰਮ ਚਲਵਾਇਆ ਅਤੇ ਦਿਹਾੜੀ ਦੇ ਵਿੱਚ ਵਾਧਾ ਕਰਵਾਇਆ, ਉਚ ਜਾਤੀ ਦੇ ਹੰਕਾਰੀਆਂ ਵੱਲੋਂ ਦਲਿਤਾਂ ਤੇ ਕੀਤੇ ਜਾ ਰਹੇ ਜਬਰ ਨੂੰ ਕਈਆਂ ਥਾਵਾਂ ਤੇ ਨੱਥ ਪਾਈ,ਇਸ ਤੋਂ ਇਲਾਵਾ ਦਲਿਤਾਂ ਨੂੰ ਉਨ੍ਹਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਦਵਾਉਣ ਨਾਲ ਉਨ੍ਹਾਂ ਦੇ ਘਰਾਂ ਵਿੱਚ ਦੁਧਾਰੂ ਪਸ਼ੂਆਂ ਵਿਚ ਵਾਧਾ ਹੋਇਆ ਇਹ ਸਭ ਕੁਝ ਮਿਲਣ ਨਾਲ ਦਲਿਤ ਮਜ਼ਦੂਰਾਂ ਦੇ ਮਾਣ ਸਨਮਾਨ ਵਿੱਚ ਵਾਧਾ ਹੋਇਆ।

ਉਪਰੋਕਤ ਤੋਂ ਇਲਾਵਾ ਮੀਤ ਪ੍ਰਧਾਨ ਧਰਮਵੀਰ ਹਰੀਗੜ ਅਤੇ ਜਗਤਾਰ ਸਿੰਘ ਤੋਲੇਵਾਲ ਨੇ ਕਿਹਾ ਕਿ ਮਾਰਚ ਦੌਰਾਨ ਲੋਕਾਂ ਦਾ ਉਤਸ਼ਾਹ ਵਧਦਾ ਨਜ਼ਰ ਆਇਆ ਜਿਸ ਤੇ ਲੋਕਾ ਦਾ ਇਕੱਠ ਕਰਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਸੇਖਾ (ਬਰਨਾਲਾ) ਵਿੱਚ ਝੰਡਾ ਚਾੜ੍ਹੇ ਦਲਿਤ ਮੁਕਤੀ ਮਾਰਚ ਦੀ ਕਰੇਗੀ ਸਮਾਪਤੀ।

ਇਸ ਤੋਂ ਇਲਾਵਾ ਵੀਰਪਾਲ ਦੁੱਲੜ, ਜਸਵਿੰਦਰ ਸਿੰਘ ਹੇੜੀਕੇ, ਰਮਨਦੀਪ ਸਿੰਘ ਤੋਲੇਵਾਲ ਅਤੇ ਹੋਰ ਵਿਅਕਤੀ ਸ਼ਾਮਲ ਸਨ।

# ਡਾਕਟਰ ਰਣਜੀਤ ਸਿੰਘ ਕਾਲਾਬੂਲਾ ਸਰਪੰਚੀ ਲਈ ਚੋਣ ਮੈਦਾਨ ਵਿੱਚ ਨਿਤਰੇ

## ☛ ਪਿੰਡ ਦੀ ਨੁਹਾਰ ਬਦਲਣ ਲਈ ਦਿਨ ਰਾਤ ਕਰਾਂਗੇ ਕੰਮ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਬਲਾਕ ਸ਼ੇਰਪੁਰ ਚ ਪੈਂਦੇਂ ਪਿੰਡ ਕਾਲਾਬੂਲਾ ਦੀ ਸਰਪੰਚ ਲਈ (ਰਿਜ਼ਰਵ) ਸੀਟ ਤੋਂ ਪੜੇ ਲਿਖੇ ਅਤੇ ਸਰਬ ਸਾਂਝੇ ਉਮੀਦਵਾਰ ਡਾਕਟਰ ਰਣਜੀਤ ਸਿੰਘ ਕਾਲਾਬੂਲਾ ਨੇ ਸਰਪੰਚੀ ਦੀ ਚੋਣ ਲੜਨ ਦਾ ਐਲਾਨ ਕੀਤਾ ਹੈ। ਉਨਾਂ ਆਪਣੇ ਕਾਗਜ਼ ਦਾਖਲ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਪਿੰਡ ਦੇ ਸੂਝਵਾਨ ਵੋਟਰਾਂ ਦੇ ਸਹਿਜੋਗ ਨਾਲ ਉਹ ਪਿੰਡ ਦੀ ਕਾਇਆ ਕਲਪ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਕਿਉਂਕਿ ਅਜੇ ਵੀ ਨਗਰ ਅੰਦਰ ਬਹੁਤ ਸਾਰੇ ਕਾਰਜਾਂ ਨੂੰ ਨੇਪਰੇ ਚਾੜਨ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਉਨਾਂ ਦਾ ਮਕਸਦ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਅਪਗਰੇਡ ਕਰਵਾ ਕੇ ਅਠਵੀਂ ਤੱਕ ਬਣਾਉਣਾ, ਪਿੰਡ ਵਿੱਚ ਸ਼ਾਨਦਾਰ ਪਾਰਕ, ਨੌਜਵਾਨ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਵਿਸ਼ੇਸ਼ ਪ੍ਰੋਗਰਾਮ, ਲੋੜਵੰਦ ਪਰਿਵਾਰਾਂ ਨੂੰ ਸਰਕਾਰ ਦੀਆਂ ਬਿਨਾਂ ਕਿਸੇ ਪੱਖਪਾਤ ਤੋਂ ਵਿਸ਼ੇਸ਼ ਸਹੂਲਤਾਂ ਦੇਣਾ, ਖੇਡਾਂ ਅਤੇ ਵਿਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਮਾਨ ਸਨਮਾਨ ਤੋਂ ਇਲਾਵਾ ਰਹਿੰਦੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜਨਾ ਉਹਨਾਂ ਦਾ ਮੁੱਖ ਮਕਸਦ ਹੋਵੇਗਾ। ਡਾਕਟਰ ਰਣਜੀਤ ਸਿੰਘ ਉਰਫ ਭੋਲਾ ਨੇ ਅੱਗੇ ਦੱਸਿਆ ਹੈ ਕਿ ਪਿੰਡ ਵਾਸੀਆਂ ਵੱਲੋਂ ਉਨਾਂ ਨੂੰ ਪੂਰਨ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਉਹ ਖੁਦ ਅਤੇ ਉਨਾਂ ਦੇ ਸਪੋਰਟਰ ਲਗਾਤਾਰ ਵੱਖ ਵੱਖ ਵਾਰਡਾਂ ਅੰਦਰ ਵੋਟਰਾਂ ਤੱਕ ਪਹੁੰਚ ਕਰ ਰਹੇ ਹਨ। ਉਹਨਾਂ ਅੱਗੇ ਕਿਹਾ ਹੈ ਕਿ ਸਮੁੱਚੇ ਪੰਜਾਬ ਦੇ ਚੋਣ ਲੜ ਰਹੇ ਉਮੀਦਵਾਰ ਆਪਣੇ ਪਿੰਡ ਦੀ ਭਾਈਚਾਰਕ ਸਾਂਝ ਨੂੰ ਮਜਬੂਤ ਰੱਖਣ ਕਿਉਂਕਿ ਲੋਕਤੰਤਰ ਮੁਤਾਬਕ ਹਰ ਇਕ ਵਿਅਕਤੀ ਨੂੰ ਆਪਣੀ ਵੋਟ ਪਾਉਣ ਦਾ ਪੂਰਾ ਅਧਿਕਾਰ ਹੈ। ਇਸ ਲਈ ਸਾਨੂੰ ਪੜੇ ਲਿਖੇ ਸੂਝਵਾਨ ਅਤੇ ਪਿੰਡ ਦੀ ਭਲਾਈ ਅਤੇ ਪਿੰਡ ਦੀ ਨੁਹਾਰ ਬਦਲਣ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਲਈ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਉਹਨਾਂ ਨਾਲ ਵੱਡੀ ਗਿਣਤੀ ਵਿੱਚ ਉਹਨਾਂ ਦੇ ਸਮਰਥਕ ਵੀ ਹਾਜ਼ਰ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਗੁ: ਟਾਹਲੀ ਸਾਹਿਬ ਪਿੰਡ ਸੁੱਧਾ ਮਾਜਰਾ ਵਿਖੇ ਅੱਜ ਹੋਣਗੇ ਵਿਸ਼ੇਸ਼ ਗੁਰਮਤਿ ਸਮਾਗਮ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵਲੋਂ ਹਰ ਸਾਲ ਦੀ ਤਰਾਂ ਮਹਾਨ ਕੀਰਤਨ ਦਰਬਾਰ ਨੂੰ ਸਮਰਪਿਤ ਚਲ ਰਹੀ 24 ਵਿਸ਼ੇਸ਼ ਗੁਰਮਤਿ ਸਮਾਗਮਾਂ ਦੀ ਲੜੀ ਦੇ 19ਵੇਂ ਸਮਾਗਮ ਅੱਜ (ਮਿਤੀ 06-10-2024 ਦਿਨ ਐਤਵਾਰ) ਨੂੰ ਗੁਰਦੁਆਰਾ ਟਾਹਲੀ ਸਾਹਿਬ ਪਿੰਡ ਸੁੱਧਾ ਮਾਜਰਾ ਵਿਖੇ ਸ਼ਾਮ 06:00 ਤੋਂ ਰਾਤ 09:00 ਵਜੇ ਤੱਕ ਕਰਵਾਏ ਜਾ ਰਹੇ ਹਨ ।ਇਹ ਜਾਣਕਾਰੀ ਦਿੰਦੇ ਹੋਏ ਸਮਾਗਮ ਮੈਨੇਜਮੈਂਟ ਕਮੇਟੀ ਦੇ ਮੈਂਬਰ ਸੁਖਵੰਤ ਸਿੰਘ ਚੀਮਾ ਅਤੇ ਪਰਵਿੰਦਰ ਸਿੰਘ ਸੁੱਧਾ ਮਾਜਰਾ ਨੇ ਦੱਸਿਆ ਕਿ ਇਹ ਸਮਾਗਮ ਗੁਰਦੁਆਰਾ ਕੰਪਲੈਕਸ ਦੇ ਅੰਦਰ ਖੁਲ੍ਹੇ ਪੰਡਾਲ ਵਿਖੇ ਕਰਵਾਏ ਜਾ ਰਹੇ ਹਨ ਅਤੇ ਇਸ ਸਬੰਧੀ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਉਨਾਂ ਦੱਸਿਆ ਕਿ ਆਸ ਪਾਸ ਦੇ ਪਿੰਡਾਂ ਵਿਚੋਂ ਵੀ ਵੱਡੀ ਗਿਣਤੀ ਵਿਚ ਸੰਗਤਾਂ ਵਲੋਂ ਇਸ ਸਮਾਗਮ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਹੈ। ਇਸ ਸਮਾਗਮ ਲਈ ਨਵਾਂਸ਼ਹਿਰ ਅਤੇ ਹੋਰ ਇਲਾਕਿਆਂ ਤੋਂ ਸੰਗਤਾਂ ਨੂੰ ਲਿਆਉਣ ਲਿਜਾਉਣ ਲਈ ਬੱਸ ਸੇਵਾ ਦੇ ਪ੍ਰਬੰਧ ਵੀ ਕੀਤੇ ਗਏ ਹਨ। ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਇਹ ਸਮਾਗਮ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਵੱਡੇ ਪੱਧਰ ਤੇ ਕਰਵਾਏ ਜਾ ਰਹੇ ਹਨ ਅਤੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਸ ਦੀ ਸਫਲਤਾਪੂਰਵਕ ਸੰਪੂਰਨਤਾ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਸਮਾਗਮ ਦੀ ਅਰੰਭਤਾ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਨਾਲ ਹੋਵੇਗੀ। ਉਪਰੰਤ ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ। ਉਨਾਂ ਤੋਂ ਬਾਅਦ ਪ੍ਰਸਿੱਧ ਵਿਦਵਾਨ ਅਤੇ ਸਿੱਖ ਚਿੰਤਕ ਡਾ: ਹਨਵੰਤ ਸਿੰਘ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਇਤਿਹਾਸ ਅਤੇ ਫਲਸਫੇ ਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ। ਉਨਾ ਨੇ ਸੰਗਤਾਂ ਨੂੰ ਸਮਾਗਮ ਵਿਚ ਵੱਧ ਚੜ ਕੇ ਹਾਜਰੀਆਂ ਭਰਨ ਦੀ ਅਪੀਲ ਕੀਤੀ।ਇਸ ਮੌਕੇ ਉਨਾਂ ਦੇ ਨਾਲ ਅਮਰੀਕ ਸਿੰਘ ਬਛੌੜੀ, ਲਵਪ੍ਰੀਤ ਸਿੰਘ ਸੁੱਧਾ ਮਾਜਰਾ, ਮੱਖਣ ਸਿੰਘ ਸੁੱਧਾ ਮਾਜਰਾ, ਮਨਮੋਹਨ ਸਿੰਘ ਲੋਹਟ, ਬਾਬਾ ਬਿੰਦਾ ਸਿੰਘ ਜਗਤਾਰ ਸਿੰਘ ਮਹਿੰਦੀਪੁਰ, ਅਤੇ ਗੁਰਜੀਤ ਸਿੰਘ ਗਹੂੰਣ ਵੀ ਮੌਜੂਦ ਸਨ।

ਰੋਜ਼ਾਨਾ ਲੋਕ ਬਾਣੀ
www.lokbani

# ਬਸਤੀ ਵਿਕਾਸ ਨਗਰ ਤੋਂ 'ਆਪ' ਅਤੇ ਗੰਜੀ ਪਿੰਡ ਤੋਂ ਅਕਾਲੀ ਦਲ ਦੇ ਦਰਜਨਾਂ ਪਰਿਵਾਰ ਕਾਂਗਰਸ 'ਚ ਹੋਏ ਸ਼ਾਮਲ



ਦੀਨਾਨਗਰ, ( ਡਾ.ਰਮੇਸ਼ ਸਰੰਗਲ ) ਪੰਚਾਇਤੀ ਚੋਣਾਂ ਦੀਆਂ ਵੋਟਾਂ ਭਾਵੇਂ 15 ਅਕਤੂਬਰ ਨੂੰ ਪੈਣੀਆਂ ਹਨ ਪਰ ਉਸ ਤੋਂ ਪਹਿਲਾਂ ਹੀ ਵੱਖ ਵੱਖ ਪਾਰਟੀਆਂ ਨਾਲ ਜੁੜ ਵੱਡੀ ਗਿਣਤੀ ਲੋਕ ਕਾਂਗਰਸ ਪਾਰਟੀ ਦੇ ਹੱਕ ਵਿੱਚ ਤੁਰਨੇ ਸ਼ੁਰੂ ਹੋ ਗਏ ਹਨ। ਇਸੇ ਕੜੀ ਤਹਿਤ ਅੱਜ ਪਿੰਡ ਬਸਤੀ ਵਿਕਾਸ ਨਗਰ ਦੇ ਕਰੀਬ ਇੱਕ ਦਰਜਨ ਵਰਕਰਾਂ ਨੇ ਪਰਿਵਾਰਾਂ ਸਮੇਤ 'ਆਪ' ਪਾਰਟੀ ਨੂੰ ਅਲਵਿਦਾ ਆਖ਼ ਕਾਂਗਰਸ ਪਾਰਟੀ ਦਾ ਪੱਲਾ ਫੜ ਲਿਆ ਜਦਕਿ ਪਿੰਡ ਗੰਜੀ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਰਕਰ 25 ਪਰਿਵਾਰਾਂ ਸਹਿਤ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਨ੍ਹਾਂ ਲੋਕਾਂ ਨੂੰ ਵਿਧਾਇਕਾ ਅਰੁਣਾ ਚੌਧਰੀ ਦੇ ਪਤੀ ਅਤੇ ਕਾਂਗਰਸ ਕਮੇਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਅਸ਼ੋਕ ਚੌਧਰੀ ਨੇ ਸਿਰੋਪੇ ਪਹਿਨਾ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਕੀਤਾ। ਅਸ਼ੋਕ ਚੌਧਰੀ ਨੇ ਦੱਸਿਆ ਕਿ ਬਸਤੀ ਵਿਕਾਸ ਨਗਰ ਤੋਂ ਆਮ ਆਦਮੀ ਪਾਰਟੀ ਨਾਲ ਸਬੰਧਿਤ ਪਰਿਵਾਰ ਸਾਬਕਾ ਸਰਪੰਚ ਬਿਮਲਾ ਦੇਵੀ ਅਤੇ ਰਮੇਸ਼ ਚੰਦਰ ਦੀ ਅਗਵਾਈ ਹੇਠ ਕਾਂਗਰਸ ਨਾਲ ਜੁੜ ਹਨ ਜਦਕਿ ਗੰਜੀ ਪਿੰਡ ਦੇ ਅਕਾਲੀ ਪਰਿਵਾਰ ਸਾਬਕਾ ਸਰਪੰਚ ਪਿਆਰਾ ਸਿੰਘ ਦੀ ਰਹਿਨੁਮਾਈ ਹੇਠ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਤਮਾਮ ਪਰਿਵਾਰਾਂ ਦਾ ਕਾਂਗਰਸ ਪਾਰਟੀ ਵਿੱਚ ਸਵਾਗਤ ਹੈ ਅਤੇ ਉਹ ਵਿਸ਼ਵਾਸ ਦਿਵਾਉਂਦੇ ਹਨ ਕਿ ਇੱਥੇ ਇਨ੍ਹਾਂ ਨੂੰ ਪੂਰਾ ਮਾਣ ਸਨਮਾਨ ਮਿਲੇਗਾ ਹਰੇਕ ਜਾਇਜ਼ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

ਅਸ਼ੋਕ ਚੌਧਰੀ ਨੇ ਪਿਛਲੇ ਕੁਝ ਦਿਨਾਂ 'ਚ ਵੱਡੀ ਗਿਣਤੀ ਲੋਕਾਂ ਦੇ ਕਾਂਗਰਸ ਪਾਰਟੀ ਨਾਲ ਜੁੜਣ ਬਾਰੇ ਕਿਹਾ ਕਿ ਅਸਲੀਅਤ ਵਿੱਚ ਇਹ ਲੋਕ 'ਆਪ' ਦੀ ਸਰਕਾਰ ਦੇ 30 ਮਹੀਨਿਆਂ ਦੇ ਕਾਰਜਕਾਲ ਤੋਂ ਦੁੱਖੀ ਹੋ ਚੁੱਕੇ ਹਨ ਅਤੇ ਇਨ੍ਹਾਂ ਨੂੰ ਪਤਾ ਚੱਲ ਚੁੱਕਾ ਹੈ ਕਿ ਆਮ ਆਦਮੀ ਪਾਰਟੀ ਕੋਲ ਸਿਵਾਏ ਹਵਾਈ ਗੱਲਾਂ ਦੇ ਹੋਰ ਕੁਝ ਨਹੀਂ ਹੈ ਅਤੇ ਐਨੇ ਮਹੀਨੇ ਰਾਜ ਕਰਨ ਦੇ ਬਾਵਜੂਦ ਵੀ ਇਹ ਸਰਕਾਰ ਪੰਜਾਬ ਦੀ ਜਨਤਾ ਦਾ ਕੁਝ ਨਹੀਂ ਸੰਵਾਰ ਸਕੀ ਹੈ। ਜਿਸ ਕਾਰਨ ਲੋਕਾਂ ਦਾ ਝੁਕਾਅ ਮੁੜ ਕਾਂਗਰਸ ਪਾਰਟੀ ਵੱਲ ਹੋਇਆ ਹੈ ਅਤੇ ਇਨ੍ਹਾਂ ਪੰਚਾਇਤੀ ਚੋਣਾਂ ਵਿੱਚ ਲੋਕ ਕਾਂਗਰਸ ਪਾਰਟੀ ਦੇ ਹੱਕ ਵਿੱਚ ਭੁਗਤਣ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸਰਕਾਰ ਵੱਲੋਂ ਇਹ ਚੋਣਾਂ ਜਲਦਬਾਜ਼ੀ 'ਚ ਕਰਵਾਈਆਂ ਜਾ ਰਹੀਆਂ ਹਨ ਪਰ ਫਿਰ ਵੀ ਲੋਕਾਂ ਅੰਦਰ ਚੋਣਾਂ ਨੂੰ ਲੈ ਕੇ ਭਾਰੀ ਉਤਸ਼ਾਹ ਹੈ।

ਰੋਜ਼ਾਨਾ ਲੋਕ ਬਾਣੀ
www.lokbani

# ਜ਼ਿਲ੍ਹਾ ਅਤੇ ਸੈਸ਼ਨ ਜੱਜ ਨੇ ਏਕ ਪੇੜ ਮਾਂ ਕੇ ਸਾਥ ਮੁਹਿੰਮ ਤਹਿਤ ਲਗਾਏ ਬੂਟੇ




ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ£ਮਨਪ੍ਰੀਤ ਵਾਸੂ)ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਨਿਆਂ ਵਿਭਾਗ ਦੇ ਕਾਨੂੰਨ ਮੰਤਰਾਲੇ ਦੀਆਂ ਹਦਾਇਤਾ ਅਨੁਸਾਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਅਤੇ ਸਾਰੇ ਜੂਡੀਸ਼ੀਅਲ ਅਧਿਕਾਰੀਆ ਵੱਲੋ ਏਕ ਪੇੜ ਮਾਂ ਕੇ ਸਾਥ ਗਲੋਬਲ ਮੁਹਿੰਮ ਤਹਿਤ ਨਵੇਂ ਕੋਰਟ ਕੰਪਲੈਕਸ ਵਿਖੇ ਵੱਖ-ਵੱਖ ਤਰ੍ਹਾਂ ਦੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਰੁਨੇਸ਼ ਕੁਮਾਰ, ਪ੍ਰਿੰਸੀਪਲ ਜੱਜ (ਫੈਮਿਲੀ ਕੋਰਟ) ਬਲਜਿੰਦਰ ਸਿੰਘ, ਸੀ.ਜੇ.ਐਮ-ਕਮ- ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਡਾ.ਅਮਨਦੀਪ, ਚੀਫ ਜੂਡੀਸ਼ੀਅਲ ਮੈਜਿਸਟ੍ਰੇਟ ਪਰਵਿੰਦਰ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਮੋਨਿਕਾ ਚੌਹਾਨ, ਸਿਵਲ ਜੱਜ (ਜੂਨੀਅਰ ਡਵੀਜ਼ਨ) ਤੁਸ਼ਾਰ ਕੌਰ ਥਿੰਦ ਅਤੇ ਸਿਵਲ ਜੱਜ (ਜੂਨੀਅਰ ਡਵੀਜ਼ਨ) ਪਪਨੀਤ ਕੌਰ ਹਾਜ਼ਰ ਸਨ । ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਪ੍ਰਿਆ ਸੂਦ ਨੇ ਕਿਹਾ ਕਿ ਅੱਜ ਅਸੀ ਸਾਰਿਆ ਨੇ ਆਪਣੀ ਮਾਂ ਦੇ ਲਈ ਪਿਆਰ, ਸਤਿਕਾਰ ਅਤੇ ਧਰਤੀ ਮਾਂ ਦੀ ਰੱਖਿਆ ਅਤੇ ਸੰਭਾਲ ਦੇ ਲਈ ਵੱਖ-ਵੱਖ ਤਰ੍ਹਾਂ ਦੇ ਬੂਟੇ ਲਗਾਏ ਹਨ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਆਪਣੇ ਵਾਤਾਵਰਨ ਨੂੰ ਹਰਿਆ-ਭਰਿਆ ਅਤੇ ਪ੍ਰਦੂਸ਼ਣ-ਮੁਕਤ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਹਰ ਮਨੁੱਖ ਲਾਵੇ ਇਕ ਰੁੱਖ ਦਾ ਸੁਨੇਹਾ ਵੀ ਦਿੱਤਾ ।

ਰੋਜ਼ਾਨਾ ਲੋਕ ਬਾਣੀ
www.lokbani

# ਵਾਰਡ ਨੰਬਰ ਪੰਜ ਤੋਂ ਸੁਸ਼ੀਲ ਕੁਮਾਰ ਨੇ ਪੰਚੀ ਦੀ ਚੋਣ ਲੜਨ ਦਾ ਕੀਤਾ ਐਲਾਨ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਜਿਉਂ ਜਿਉਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ ਤਿਉਂ ਤਿਉਂ ਉਮੀਦਵਾਰਾਂ ਨੇ ਵੀ ਆਪਣੀਆਂ ਸਰਗਰਮੀਆਂ ਨੂੰ ਤੇਜ਼ ਕਰ ਦਿੱਤਾ ਹੈ। ਕਸਬਾ ਸ਼ੇਰਪੁਰ ਦੇ ਵਾਰਡ ਨੰਬਰ ਪੰਜ ਤੋਂ ਪੰਚੀ ਦੀ ਚੋਣ ਲੜ ਰਹੇ ਨੌਜਵਾਨ ਆਗੂ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਹਰ ਸਮੇਂ ਤਤਪਰ ਰਹਿਣ ਵਾਲੇ ਸੁਲਝੇ ਹੋਏ ਉਮੀਦਵਾਰ ਸੁਸੀਲ ਕੁਮਾਰ ਨੇ ਆਪਣੇ ਕਾਗਜ ਦਾਖਲ ਕਰਨ ਤੋਂ ਬਾਅਦ ਆਪਣੀ ਚੋਣ ਮੁਹਿੰਮ ਨੂੰ ਪੂਰੀ ਤਰ੍ਹਾਂ ਤੇਜ਼ ਕਰ ਦਿੱਤਾ। ਉਹਨਾਂ ਦੱਸਿਆ ਕਿ ਵਾਰਡ ਦੇ ਸੂਝਵਾਨ ਸਿਆਣੇ ਵੋਟਰਾਂ ਦੇ ਸਹਿਯੋਗ ਸਦਕਾ ਉਹ ਚੋਣ ਮੈਦਾਨ ਵਿੱਚ ਨਿਤਰੇ ਹਨ ਅਤੇ ਉਨਾਂ ਦੀ ਕੋਸ਼ਿਸ਼ ਹੈ ਕਿ ਜੇਕਰ ਵੋਟਰਾਂ ਨੇ ਉਹਨਾਂ ਦਾ ਸਹਿਯੋਗ ਦਿੱਤਾ ਤਾਂ ਉਹ ਵਾਰਡ ਦੀ ਸਮੱਸਿਆ ਨੂੰ ਪੂਰਾ ਕਰਨ ਵਿੱਚ ਮੋਹਰੀ ਰੂਲ ਨਿਭਾਉਣਗੇ। ਉਹਨਾਂ ਦੱਸਿਆ ਕਿ ਉਹ ਸਮਾਜ ਸੇਵੀ ਸੰਸਥਾਵਾਂ ਦਾ ਜਿੱਥੇ ਹਰ ਸਮੇਂ ਸਹਿਯੋਗ ਕਰਦੇ ਹਨ ਉਥੇ ਲੋੜਵੰਦ ਲੋਕਾਂ ਦੀ ਮਦਦ ਲਈ ਵੀ ਹਰ ਸਮੇਂ ਤਤਪਰ ਰਹਿੰਦੇ ਹਨ। ਉਹਨਾਂ ਵੋਟ ਲੈਣ ਲਈ ਵਾਰਡ ਵਾਸੀਆਂ ਤੋਂ ਸਹਿਯੋਗ ਮੰਗਿਆ। ਸੁਸ਼ੀਲ ਕੁਮਾਰ ਨੇ ਕਿਹਾ ਕਿ ਮੈਨੂੰ ਵਾਰਡ ਵਾਸੀਆਂ ਤੇ ਪੂਰੀ ਆਸ ਹੀ ਨਹੀਂ ਸਗੋਂ ਵਿਸ਼ਵਾਸ ਵੀ ਹੈ ਕਿ ਉਹ ਆਪਣੀ ਇੱਕੋ ਇੱਕ ਕੀਮਤੀ ਵੋਟ ਦੇ ਕੇ ਮੈਨੂੰ ਵਾਰਡ ਨੰਬਰ ਪੰਜ ਤੋਂ ਭਾਰੀ ਬਹੁਮਤ ਨਾਲ ਜਿਤਾਉਣਗੇ। ਇਸ ਮੌਕੇ ਉਨਾਂ ਨਾਲ ਉਨਾਂ ਦੇ ਸਮਰੱਥਕ ਵੀ ਹਾਜ਼ਰ ਸਨ।

# ਚੋਣ ਆਬਜ਼ਰਵਰ ਮੈਡਮ ਬਬੀਤਾ ਵੱਲੋਂ ਨਾਮਜਦਗੀ ਪੱਤਰਾਂ ਦੀ ਪੜਤਾਲ ਦੇ ਕੰਮ ਦਾ ਜਾਇਜ਼ਾ



ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ)ਗ੍ਰਾਮ ਪੰਚਾਇਤ ਚੋਣਾਂ-2024 ਸਬੰਧੀ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਲਈ ਨਿਯੁਕਤ ਕੀਤੇ ਗਏ ਚੋਣ ਆਬਜ਼ਰਬਰ ਸ੍ਰੀਮਤੀ ਬਬੀਤਾ, ਆਈ.ਏ.ਐਸ (ਸੀ.ਈ.ਓ ਸਟੇਟ ਹੈਲਥ ਏਜੰਸੀ, ਪੰਜਾਬ) ਵੱਲੋਂ ਅੱਜ ਜ਼ਿਲ੍ਹੇ ਵਿਚ ਵੱਖ-ਵੱਖ ਥਾਵਾਂ ਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੇ ਕੰਮ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਪ੍ਰਬੰਧਾਂ ਉੱਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਚੋਣ ਆਬਜ਼ਰਵਰ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਚੋਣਾਂ ਨੂੰ ਨਿਰਪੱਖ, ਆਜ਼ਾਦ ਅਤੇ ਸ਼ਾਂਤੀਪੂਰਨ ਢੰਗ ਨਾਲ ਨੇਪਰੇ ਚਾੜ੍ਹਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਸਬੰਧੀ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ।ਚੋਣ ਆਬਜ਼ਰਵਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਇਹ ਚੋਣਾਂ ਆਜ਼ਾਦਾਨਾ, ਨਿਰਪੱਖ ਤੇ ਪੂਰੀ ਪਾਰਦਸ਼ਤਾ ਨਾਲ ਕਰਵਾਉਣੀਆਂ ਯਕੀਨੀ ਬਨਾਉਣ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਤੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਸਖ਼ਤੀ ਨਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਲੋਕਾਂ ਦਾ ਚੋਣ ਪ੍ਰਕਿਰਿਆ ਤੇ ਲੋਕਤੰਤਰ ਚ ਵਿਸ਼ਵਾਸ ਬਹਾਲ ਰਹੇ, ਇਸ ਲਈ ਰਿਟਰਨਿੰਗ ਅਧਿਕਾਰੀ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣੀ ਯਕੀਨੀ ਬਣਾਉਣ।ਉਨ੍ਹਾਂ ਦੱਸਿਆ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖ਼ਰੀ ਮਿਤੀ 07.10.2024 (ਸੋਮਵਾਰ) ਦੁਪਹਿਰ 03:00 ਵਜੇ ਤੱਕ ਹੈ। ਵੋਟਾਂ 15.10.2024 (ਮੰਗਲਵਾਰ) ਨੂੰ ਬੈਲਟ ਪੇਪਰਾਂ ਰਾਹੀਂ ਸਵੇਰੇ 08.00 ਵਜੇ ਤੋਂ ਸ਼ਾਮ 4.00 ਵਜੇ ਤੱਕ ਪੈਣਗੀਆਂ। ਪੋਲਿੰਗ ਮੁਕੰਮਲ ਹੋਣ ਉਪਰੰਤ ਵੋਟਾਂ ਦੀ ਗਿਣਤੀ ਉਸੇ ਦਿਨ ਪੋਲਿੰਗ ਸਟੇਸ਼ਨ ਤੇ ਹੀ ਕੀਤੀ ਜਾਵੇਗੀ।

# ਪੁਲਿਸ ਨੇ ਕਾਰਵਾਈ ਨਾ ਕੀਤੀ ਤਾਂ ਕਰਾਂਗੇ ਭੁੱਖ ਹੜਤਾਲ-: ਸੁਨੀਲ ਅਡਵਾਲ



ਸ੍ਰੀ ਅਨੰਦਪੁਰ ਸਾਹਿਬ,(ਪੱਤਰ ਪ੍ਰੇਰਕ): ਜੇਕਰ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਅਸੀਂ ਭੁੱਖ ਹੜਤਾਲ ਕਰਨ ਤੋਂ ਪਿੱਛੇ ਨਹੀਂ ਹਟਾਂਗੇ ਇਹ ਗੱਲ ਰੇੜੀ ਖੋਖਾ ਯੂਨੀਅਨ ਦੇ ਪ੍ਰਧਾਨ ਸੁਨੀਲ ਐਡਵਾਲ ਨੇ ਕਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਰੇਹੜੀ ਖੋਖਾ ਯੂਨੀਅਨ ਵਲੋ ਜੋ ਬੀਤੇ ਦਿਨੀਂ ਯੂਨੀਅਨ ਦੀ ਔਰਤਾਂ ਨਾਲ ਬਦਸਲੂਕੀ ਹੋਈ ਸੀ ਉਸ ਦੇ ਸਬੰਧ ਵਿਚ ਐਸ ਐਸ ਪੀ ਰੂਪਨਗਰ ਪਹੁੰਚ ਕੇ ਉੱਚ ਅਧਿਕਾਰੀਆਂ ਨਾਲ ਮੁਲਾਕਤ ਕੀਤੀ ਗਈ ਓਹਨਾ ਵਲੋ ਇਹ ਵਿਸ਼ਵਾਸ਼ ਦਿਵਾਇਆ ਗਿਆ ਕਿ ਬਣਦੀ ਕਾਰਵਾਈ ਕੀਤੀ ਜਾਵੇਗੀ ਉਸਤੋ ਬਾਅਦ ਯੂਨੀਅਨ ਵਲੋ ਸਰੀਆ ਦੁਕਾਨਾਂ ਬੰਦ ਕਰਕੇ ਸ਼ਾਤ ਮਈ ਧਰਨਾ ਦਿੱਤਾ ਗਿਆ। ਪਰ ਜੇਕਰ ਪੁਲਿਸ ਵਲੋ ਬਣਦੀ ਕਾਰਵਾਈ ਅਮਲ ਵਿੱਚ ਨਹੀਂ ਲਿਆਂਦੀ ਜਾਂਦੀ ਤਾਂ ਰੇਹੜੀ ਖੋਖਾ ਯੂਨੀਅਨ ਵਲੋ ਭੁੱਖ ਹੜਤਾਲ ਸ਼ੁਰੂ ਕੀਤੀ ਜਾਵੇਗੀ। ਜਿਸ ਲਈ ਸਿੱਧੇ ਤੌਰ ਤੇ ਪੁਲਿਸ ਪ੍ਰਸ਼ਾਸਨ ਜਿੰਮੇਵਾਰ ਹੋਵੇਗਾ। ਇਸ ਮੌਕੇ ਵਿਜੇ ਕੁਮਾਰ ,ਰਾਮ ਕੁਮਾਰ ,ਕ੍ਰਿਸ਼ਨ ,ਅਰੁਣ ਕੁਮਾਰ ,ਇੰਦਰਜੀਤ ਵੇਦੀ ,ਸ਼ਮੀ ਕੁਮਾਰ ,ਲੱਕੀ ,ਸੁਰਿੰਦਰ ਸਿੰਘ ,ਜਗਤਾਰ ਸਿੰਘ ,ਰਾਕੇਸ਼ ਕੁਮਾਰ ,ਸੁਨੀਲ ਕੁਮਾਰ ,ਪ੍ਰੇਮ ਕੁਮਾਰ ,ਉਦੈਵੀਰ ਸਿੰਘ , ਸ਼ਿੰਦੂ ,ਸ਼ਾਮ ਕੁਮਾਰ ਆਦਿ ਹਾਜ਼ਰ ਸਨ।

# ਜਾਤੀ ਸੂਚਕ ਸ਼ਬਦ ਬੋਲਣ ਵਾਲੇ ਦੇ ਖਿਲਾਫ ਲੋਕਾਂ ਨੇ ਲਗਾਇਆ ਧਰਨਾ, ਕਾਰਵਾਈ ਦੀ ਕੀਤੀ ਮੰਗ



ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਸਥਾਨਕ ਪੁੱਡਾ ਮਾਰਕੀਟ ਦੇ ਅੱਗੇ ਅਤੇ ਮੁੱਖ ਸੜਕ ਦੇ ਨਾਲ ਪਿਛਲੇ ਲੰਬੇ ਸਮੇਂ ਤੋਂ ਰੇੜੀਆਂ ਅਤੇ ਫੜੀਆਂ ਲਗਾ ਕੇ ਆਪਣੀ ਰੋਜ਼ੀ ਰੋਟੀ ਕਮਾ ਰਹੇ ਦੁਕਾਨਦਾਰਾਂ ਨੇ ਅੱਜ ਇਕੱਠੇ ਹੋ ਕੇ ਪੁੱਡਾ ਮਾਰਕੀਟ ਦੇ ਇੱਕ ਦੁਕਾਨਦਾਰ ਉੱਪਰ ਗੰਦੀਆਂ ਗਾਲਾਂ ਕੱਢਣ ਅਤੇ ਜਾਤੀ ਸੂਚਕ ਸ਼ਬਦ ਬੋਲਣ ਦੇ ਦੋਸ਼ ਲਗਾਉਂਦਿਆਂ ਮਾਰਕੀਟ ਦੇ ਅੱਗੇ ਧਰਨਾ ਲਗਾਕੇ ਉਕਤ ਵਿਅਕਤੀ ਦੇ ਖਿਲਾਫ ਭਾਰੀ ਨਾਅਰੇਬਾਜ਼ੀ ਕੀਤੀ ਅਤੇ ਪੁਲਿਸ ਕਾਰਵਾਈ ਦੀ ਮੰਗ ਵੀ ਕੀਤੀ।

ਉਪਰੰਤ ਪ੍ਰੈਸ ਭਵਨ ਵਿੱਚ ਪ੍ਰੈਸ ਕਾਨਫਰੰਸ ਕਰਦਿਆਂ ਰੇਹੜੀ-ਫੜੀ ਯੂਨੀਅਨ ਦੇ ਪ੍ਰਧਾਨ ਸੁਨੀਲ ਅਡਵਾਲ ਅਤੇ ਉਨਾਂ ਦੇ ਸਾਥੀਆਂ ਨੇ ਦੱਸਿਆ ਕਿ ਪੁੱਡਾ ਮਾਰਕੀਟ ਦੇ ਅੱਗੇ ਮੁੱਖ ਸੜਕ ਦੇ ਨਾਲ ਪਿਛਲੇ ਲੰਬੇ ਸਮੇਂ ਤੋਂ ਰੇਹੜੀਆਂ ਅਤੇ ਫੜੀਆਂ ਲਗਾ ਕੇ ਕੰਮ ਕਰ ਰਹੇ ਦੁਕਾਨਦਾਰਾਂ ਨੂੰ ਪੁੱਡਾ ਮਾਰਕੀਟ ਦੇ ਇੱਕ ਦੁਕਾਨਦਾਰ ਵੱਲੋਂ ਪਿਛਲੇ ਕਈ ਦਿਨਾਂ ਤੋਂ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਅੱਜ ਜਦੋਂ ਉਕਤ ਵਿਅਕਤੀ ਪੁੱਡਾ ਮਾਰਕੀਟ ਦੇ ਵਿੱਚ ਆਇਆ ਤਾਂ ਇਹਨਾਂ ਰੇਹੜੀ ਫੜੀ ਵਾਲੇ ਗਰੀਬ ਲੋਕਾਂ ਜਿਨਾਂ ਵਿੱਚ ਕੁਝ ਔਰਤਾਂ ਵੀ ਸ਼ਾਮਿਲ ਸਨ ਨੇ ਉਕਤ ਵਿਅਕਤੀ ਨੂੰ ਬਹੁਤ ਮਿੰਨਤਾਂ ਤਰਲੇ ਕੀਤੇ ਕਿ ਉਹ ਉਹਨਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਛੱਡ ਦੇਵੇ ਕਿਉਂਕਿ ਉਹ ਬਹੁਤ ਗਰੀਬ ਲੋਕ ਹਨ ਅਤੇ ਰੋਜਾਨਾਂ ਜੋ ਕਮਾਉਂਦੇ ਹਨ ਉਹੀ ਸ਼ਾਮ ਨੂੰ ਖਾਂਦੇ ਹਨ। ਸੁਨੀਲ ਅਡਵਾਲ ਨੇ ਅੱਗੇ ਦੱਸਿਆ ਕਿ ਇਹਨਾਂ ਗਰੀਬ ਲੋਕਾਂ ਨੇ ਉਕਤ ਵਿਅਕਤੀ ਦੇ ਪੈਰੀਂ ਹੱਥ ਵੀ ਲਗਾਏ ਤਾਂ ਜੋ ਇਸ ਮਸਲੇ ਨੂੰ ਖਤਮ ਕੀਤਾ ਜਾ ਸਕੇ ਪ੍ਰੰਤੂ ਉਕਤ ਵਿਅਕਤੀ ਦੇ ਉੱਪਰ ਇਹਨਾਂ ਗਰੀਬ ਲੋਕਾਂ ਦੀ ਕਹੀ ਹੋਈ ਕਿਸੇ ਵੀ ਗੱਲ ਦਾ ਕੋਈ ਅਸਰ ਨਹੀਂ ਹੋਇਆ ਤੇ ਉਲਟਾ ਉਹ ਵਿਅਕਤੀ ਇਹਨਾਂ ਦੇ ਨਾਲ ਗਾਲੀ ਗਲੋਚ ਕਰਨ ਲੱਗ ਪਿਆ ਅਤੇ ਇਹਨਾਂ ਨੂੰ ਜਾਤੀ ਸੂਚਕ ਸ਼ਬਦ ਵੀ ਵਰਤੇ, ਜਿਸ ਦੇ ਗਵਾਹ ਉੱਥੇ ਖੜੇ ਬਹੁਤ ਸਾਰੇ ਵਿਅਕਤੀ ਹਨ। ਉਨਾਂ ਪੁਲਿਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਗਰੀਬ ਲੋਕਾਂ ਨੂੰ ਜਾਤੀ ਸੂਚਕ ਸ਼ਬਦ ਵਰਤਣ ਵਾਲੇ ਉਕਤ ਵਿਅਕਤੀ ਦੇ ਖਿਲਾਫ ਸਖਤ ਤੋਂ ਸਖਤ ਪੁਲਿਸ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਅਗਰ ਪੁਲਿਸ ਵੱਲੋਂ ਉਕਤ ਵਿਅਕਤੀ ਦੇ ਖਿਲਾਫ ਜਲਦ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਸਾਨੂੰ ਮਜਬੂਰਨ ਮੁੱਖ ਹਾਈਵੇ ਜਾਮ ਕਰਨਾ ਪਵੇਗਾ।

# ਰਾਮ ਲੀਲਾ ਦੀ ਸੁਰੱਖਿਆ ਲਈ ਪੁਲਿਸ ਦੇ ਪੁਖਤਾ ਪ੍ਰਬੰਧ : ਐਸ.ਪੀ. ਭੱਠੀ




ਫਗਵਾੜਾ (ਜੀਵਨ ਸੰਘਾ/ ਸੁਸ਼ੀਲ ਸ਼ਰਮਾ) ਕੌਮੀ ਸੇਵਕ ਰਾਮਲੀਲਾ ਕਮੇਟੀ ਵੱਲੋਂ ਸਥਾਨਕ ਸ਼੍ਰੀ ਹਨੂੰਮਾਨਗੜ੍ਹੀ ਮੰਦਿਰ ਵਿਖੇ ਕਰਵਾਈ ਜਾ ਰਹੀ ਰਾਮਲੀਲਾ ਦੇ ਦੂਜੇ ਦਿਨ ਦੇ ਉਦਘਾਟਨ ਮੌਕੇ ਐਸ.ਪੀ. ਰੁਪਿੰਦਰ ਕੌਰ ਭੱਟੀ ਨੇ ਜਿੱਥੇ ਸਭ ਨੂੰ ਨਵਰਾਤਰੇ ਦੀ ਵਧਾਈ ਦਿੱਤੀ, ਉੱਥੇ ਹੀ ਉਨ੍ਹਾਂ ਨੇ ਕਮੇਟੀ ਨੂੰ ਭਰੋਸਾ ਦਿਵਾਇਆ ਕਿ ਫਗਵਾੜਾ ਵਿੱਚ ਹਰ ਥਾਂ ਤੇ ਚੱਲ ਰਹੇ ਰਾਮ ਲੀਲਾ ਦੇ ਸਮਾਗਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਘਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਪੁਲਿਸ ਨੇ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਹਨ। ਜੇਕਰ ਫਿਰ ਵੀ ਕੋਈ ਸ਼ਰਾਰਤ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਪੁਲਿਸ ਸਖ਼ਤੀ ਨਾਲ ਕਾਰਵਾਈ ਕਰੇਗੀ

# ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਿਤ ਮਨਾਲੀ ਹਿਮਾਚਲ ਪ੍ਰਦੇਸ਼ ਤੋਂ ਚੱਲ ਕੇ ਪਹਿਲੀ ਵਿਸ਼ਾਲ ਸ਼ੋਭਾ ਯਾਤਰਾ ਦਾ ਸ੍ਰੀ ਅਨੰਦਪੁਰ ਸਾਹਿਬ ਪਹੁੰਚਣ ਤੇ ਭਰਵਾਂ ਸਵਾਗਤ



ਸ੍ਰੀ ਅਨੰਦਪੁਰ ਸਾਹਿਬ ( ਦਵਿੰਦਰਪਾਲ ਸਿੰਘ) ਸ੍ਰਿਸ਼ਟੀਕਰਤਾ ਭਗਵਾਨ ਵਾਲਮੀਕਿ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਗਟ ਉਤਸਵ ਨੂੰ ਮੁੱਖ ਰੱਖਦੇ ਹੋਏ ਅੱਜ ਲੱਕੀ ਤੇਜੀ ਸਮਾਜਿਕ ਕਾਰਜਕਰਤਾ ਦੀ ਅਗਵਾਈ ਵਿੱਚ ਮਨਾਲੀ ਹਿਮਾਚਲ ਪ੍ਰਦੇਸ਼ ਤੋਂ ਪਹਿਲੀ ਵਿਸ਼ਾਲ ਭਗਵਾਨ ਵਾਲਮੀਕਿ ਤੀਰਥ ਯਾਤਰਾ ਅੰਮ੍ਰਿਤਸਰ ਲਈ ਰਵਾਨਾ ਹੋਈ। ਸ਼ੋਭਾ ਯਾਤਰਾ ਦਾ ਕੁੱਲੂ , ਪੰਡੋਹ ਮੰਡੀ, ਸੁੰਦਰ ਨਗਰ, ਬਿਲਾਸਪੁਰ, ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਰਾਜ ਘਈ ਪ੍ਰਧਾਨ ਆਦਿ ਧਰਮ ਸਮਾਜ (ਆਧਸ), ਦਲੀਪ ਹੰਸ ਚੇਅਰਮੈਨ ਹੈਲਫ ਫਾਊਂਡੇਸ਼ਨ, ਰਜਿੰਦਰ ਗਿੱਲ ਪ੍ਰਧਾਨ ਅੰਬੇਡਕਰ ਸੋਚ ਸੰਗਠਨ, ਸੁਰਿੰਦਰ ਨਾਹਰ ਕੋਟਲਾ (ਸਾਬਕਾ ਸਬ ਇੰਸਪੈਕਟਰ) ਦੀ ਅਗਵਾਈ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੇ ਬੱਸ ਸਟੈਂਡ ਦੇ ਨਜ਼ਦੀਕ ਭਰਵਾਂ ਸਵਾਗਤ ਕੀਤਾ ਗਿਆ ਜਿਸ ਵਿੱਚ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਬਹੁਤ ਹੀ ਧਾਰਮਿਕ ਉਤਸ਼ਾਹ ਦੇ ਨਾਲ ਸੁਆਗਤ ਕੀਤਾ ਗਿਆ। ਸੰਗਤ ਦੇ ਲਈ ਫਰੂਟ ਅਤੇ ਪਾਣੀ ਦੇ ਲੰਗਰ ਲਗਾਏ ਗਏ। ਇਸ ਮੌਕੇ ਸ਼ੋਭਾ ਯਾਤਰਾ ਦੇ ਨਾਲ ਨਾਲ ਬਾਲ ਜੋਗੀ ਸੰਤ ਬਾਬਾ ਪ੍ਰਗਟ ਨਾਥ ਜੀ ਮਹਾਰਾਜ ਅਤੇ ਹੋਰ ਮਹਾਂਪੁਰਸ਼ਾਂ ਦੇ ਨਾਲ ਵਿਸ਼ੇਸ਼ ਤੌਰ ਤੇ ਸ਼੍ਰੀ ਆਨੰਦਪੁਰ ਸਾਹਿਬ ਪਹੁੰਚੇ ਸਨ ਜਿਨਾਂ ਦਾ ਬਹੁਤ ਹੀ ਧਾਰਮਿਕ ਉਤਸ਼ਾਹ ਦੇ ਨਾਲ ਸਵਾਗਤ ਕੀਤਾ ਗਿਆ। ਇਸ ਤੋਂ ਇਲਾਵਾ ਜਿੰਨੇ ਮਹਾਂਪੁਰਸ਼ ਪਹੁੰਚੇ ਸਨ ਉਹਨਾਂ ਸਾਰਿਆਂ ਦਾ ਅਤੇ ਹਿਮਾਚਲ ਦੇ ਵੱਖ ਵੱਖ ਸ਼ਹਿਰਾਂ ਦੇ ਪ੍ਰਧਾਨਾਂ ਅਤੇ ਸੇਵਾਦਾਰਾਂ ਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਦਰਸ਼ਨ ਬੈਂਸ ,ਪੂਨਮ ਬੈਂਸ, ਰਾਜੂ ਬਾਬਾ, ਰਾਮ ਨਾਥ ਗਚਲੀ, ਠੇਕੇਦਾਰ ਵਿਜੇ ਧਾਪ, ਨਰਿੰਦਰ ਪੇਂਟਰ, ਪ੍ਰੀਤਮ ਚੰਦ ਕੋਟਲਾ, ਪ੍ਰਧਾਨ ਲੂਥਰਾ ਪੰਡੋ, ਕ੍ਰਿਸ਼ਨਾ ਦੇਵੀ, ਸਰਬਜੀਤ ਕੌਰ, ਅਨਿਲ ਕਿਸ਼ੋਰ ਪ੍ਰਧਾਨ ਰਜਿੰਦਰ ਪ੍ਰਧਾਨ, ਆਸ਼ੀਸ਼ ਸੋਨੂੰ, ਰਵੀ ਕੁਮਾਰ, ਹਾਜਰ ਸਨ।

# ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਦੇ ਫੰਡਾਂ 'ਚ ਘਪਲਾ ਕਰਨ ਦੇ ਦੋਸ਼ 'ਤੇ 2 ਖਿਲਾਫ਼ ਮਾਮਲਾ ਦਰਜ

ਸ਼੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) --ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ ਦੇ ਚੜ੍ਹਾਵੇ ਵਿੱਚ ਪ੍ਰਬੰਧਕ ਕਮੇਟੀ ਦੇ ਦੋ ਅਹੁੱਦੇਦਾਰਾਂ ਵੱਲੋਂ ਵੱਡੀ ਘਪਲੇਬਾਜ਼ੀ ਕਰਨ ਦੇ ਦੋਸ਼ਾਂ ਦਾ ਮਾਮਲਾ ਪਿਛਲੇ ਕਾਫ਼ੀ ਦਿਨਾਂ ਤੋਂ ਸੁਰਖ਼ੀਆਂ ਵਿੱਚ ਹੈ। ਪ੍ਰਿਲਸ ਨੇ ਅੱਜ ਇਸ ਮਾਮਲੇ ਦੀ ਜਾਂਚ ਮੁਕੰਮਲ ਕਰ ਦੋ ਵਿਅਕਤੀ ਦਲਜੀਤ ਸਿੰਘ ਗਿੱਲ ਅਤੇ ਜਗਦੀਸ਼ ਸਿੰਘ ਰਾਠੌਰ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਇਤਿਹਾਸਕ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਦੇ ਕਾਰ ਸੇਵਾ ਵਾਲੇ ਬਾਬਾ ਵਧਾਵਾ ਸਿੰਘ ਨੇ ਪੁਲਿਸ ਨੂੰ ਇੱਕ ਸ਼ਿਕਾਇਤ ਦਰਜ ਕਰਵਾਈ ਸੀ ਕਿ ਇੱਥੇ ਪਹਿਲਾਂ ਸੇਵਾ ਕਰਦੇ ਰਹੇ ਬਾਬਾ ਜਰਨੈਲ ਸਿੰਘ ਦੇ ਅਕਾਲ ਚਲਾਣਾ ਉਪਰੰਤ ਇਸ ਗੁਰੂ ਘਰ ਦੀ ਸੇਵਾ ਉਨ੍ਹਾਂ ਨੂੰ ਸੰਭਾਲੀ ਸੀ। ਉਨ੍ਹਾਂ ਦੱਸਿਆ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਜਿਸਦੇ ਖਾਤੇ ਵਿਚ 2ਕਰੋੜ 94 ਲੱਖ ਰੁਪਏ ਮੌਜੂਦ ਸਨ। ਸ਼ਿਕਾਇਤ ਕਰਤਾ ਮੁਤਾਬਿਕ ਇਸ ਕਮੇਟੀ ਵਿੱਚ ਦਲਜੀਤ ਸਿੰਘ ਗਿੱਲ ਤੇ ਜਗਦੀਸ਼ ਸਿੰਘ ਰਾਠੌਰ ਨੇ ਇਹ 2ਕਰੋੜ 94 ਲੱਖ ਰੁਪਏ ਦੀ ਰਾਸ਼ੀ ਇੱਕ ਨਵੇਂ ਬੈਂਕ ਖਾਤੇ ਵਿਚ ਖੁੱਲ੍ਹਵਾ ਕੇ ਸਾਰੇ ਪੈਸੇ ਉਸ ਵਿੱਚ ਟਰਾਂਸਫਰ ਕਰ ਲਏ ਅਤੇ ਮੇਰੇ ਤੋਂ ਕੁਝ ਖਾਲੀ ਚੈੱਕਾਂ 'ਤੇ ਦਸਤਖ਼ਤ ਵੀ ਕਰਵਾ ਲਏ। ਪ੍ਰਬੰਧਕ ਕਮੇਟੀ ਦੇ ਉਕਤ ਆਗੂਆਂ ਨੇ ਮੈਨੂੰ ਕਿਹਾ ਕਿ ਗੁਰਦੁਆਰਾ ਸਾਹਿਬ ਦੀ ਨਵੀ ਇਮਾਰਤ ਬਣ ਰਹੀ ਹੈ ਅਤੇ ਤੁਸੀਂ ਵਾਰ-ਵਾਰ ਦਿੱਲੀ ਜਾਂਦੇ ਰਹਿੰਦੇ ਹੋ ਅਤੇ ਪਿੱਛੋਂ ਪੈਸੇ ਦੀ ਲੋੜ ਪੈਂਦੀ ਹੈ ਜਿਸ 'ਤੇ ਮੈਂ ਖਾਲੀ ਚੈੱਕਾਂ 'ਤੇ ਦਸਤਖ਼ਤ ਕਰਕੇ ਇਨ੍ਹਾਂ ਨੂੰ ਸੰਭਾਲ ਦਿੱਤੇ। ਬਾਬਾ ਵਧਾਵਾ ਸਿੰਘ ਨੇ ਸ਼ਿਕਾਇਤ 'ਚ ਦੱਸਿਆ ਕਿ ਕੁਝ ਸਮੇਂ ਬਾਅਦ ਇਨ੍ਹਾਂ ਨੇ ਮੇਰੇ ਬੈਂਕ ਵਿਚ ਦਸਤਖ਼ਤ ਕਰਨ ਦਾ ਅਧਿਕਾਰ ਵੀ ਖਤਮ ਕਰਵਾ ਮੈਨੂੰ ਹਿਸਾਬ ਦੇਣਾ ਵੀ ਬੰਦ ਕਰ ਦਿੱਤਾ। ਸ਼ਿਕਾਇਤਕਰਤਾ ਅਨੁਸਾਰ ਜਦੋਂ ਉਸ ਨੂੰ ਸ਼ੱਕ ਹੋਇਆ ਕਿ ਬੈਂਕ ਖਾਤੇ ਦੇ ਪੈਸੇ ਵਿਚ ਘਪਲੇਬਾਜ਼ੀ ਹੋ ਰਹੀ ਹੈ ਤਾਂ ਉਸ ਨੇ ਖਾਤੇ ਦੀ ਸਟੇਟਮੈਂਟ ਕਢਵਾਈ ਜਿਸ ਤੋਂ ਪਤਾ ਲੱਗਾ ਕਿ ਇਸ ਵਿੱਚ ਸਿਰਫ 26 ਹਜ਼ਾਰ ਰੁਪਏ ਹੀ ਬਕਾਇਆ ਰਹਿ ਗਏ ਹਨ। ਕਾਰ ਸੇਵਾ ਵਾਲੇ ਬਾਬਾ ਵਧਾਵਾ ਸਿੰਘ ਅਨੁਸਾਰ ਬੈਂਕ ਸਟੇਟਮੈਂਟ ਦੀ ਪੜਤਾਲ ਤੋਂ ਪਤਾ ਲੱਗਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੈਂਕ ਖਾਤੇ 'ਚੋਂ 50 ਲੱਖ ਰੁਪਏ ਦੇ ਕਰੀਬ ਵੱਖ-ਵੱਖ ਐਂਟਰੀਆਂ ਰਾਹੀਂ ਜਗਦੀਸ਼ ਸਿੰਘ ਰਾਠੌਰ ਦੇ ਖਾਤੇ ਵਿੱਚ ਗਏ ਅਤੇ 35 ਲੱਖ ਰੁਪਏ ਦਲਜੀਤ ਸਿੰਘ ਗਿੱਲ ਦੇ ਖਾਤੇ ਤੇ ਇੱਕ ਨਿੱਜੀ ਰਿਸ਼ਤੇਦਾਰ ਦੇ ਖਾਤੇ ਵਿੱਚ ਪਾਈ ਗਈ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਬੈਂਕ ਖਾਤੇ ਵਿਚੋਂ ਨਕਦ ਰੂਪ ਵਿਚ ਇਨ੍ਹਾਂ ਵਿਅਕਤੀਆਂ ਨੇ ਵੱਡੀ ਰਕਮ ਕਢਵਾ ਕੇ ਵੱਡਾ ਹੇਰ ਫੇਰ ਕੀਤਾ ਹੈ। ਸ਼ਿਕਾਇਤਕਰਤਾ ਅਨੁਸਾਰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਇਹ ਮੈਨੂੰ ਧਮਕਾਉਣ ਲੱਗੇ ਅਤੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕਰਨ ਲੱਗੇ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਘਰ ਦਾ ਪ੍ਰਬੰਧ ਇਸ ਪ੍ਰਬੰਧਕ ਕਮੇਟੀ ਕੋਲ ਸੀ ਤਾਂ ਇਹ ਗੁਰੂ ਕੀ ਗੋਲਕ ਵੀ ਆਪ ਹੀ ਖੋਲ੍ਹਦੇ ਸਨ ਅਤੇ ਪਿਛਲੇ ਸਮੇਂ ਦੌਰਾਨ ਜੋ ਗੋਲਕਾਂ ਖੋਲ੍ਹੀਆਂ ਗਈਆਂ ਉਹ ਕੈਮਰਾ ਬੰਦ ਕਰਕੇ ਖੋਲ੍ਹੀਆਂ ਗਈਆਂ ਅਤੇ ਸੰਗਤ ਦਾ ਸਾਰਾ ਪੈਸਾ ਬੋਰੀਆਂ ਵਿੱਚ ਪਾ ਕੇ ਕਿਤੇ ਹੋਰ ਲੈ ਕੇ ਜਾਂਦੇ ਸਨ ਜਿਸ ਦਾ ਕੋਈ ਹਿਸਾਬ ਕਿਤਾਬ ਨਹੀਂ। ਕਾਰ ਸੇਵਾ ਵਾਲੇ ਬਾਬਾ ਵਧਾਵਾ ਸਿੰਘ ਅਨੁਸਾਰ ਇਹ ਸਾਰਾ ਪੈਸਾ ਸੰਗਤਾਂ ਦੀ ਅਮਾਨਤ ਦਾ ਹੈ ਅਤੇ ਇਸ ਦਾ ਪੂਰਾ ਹਿਸਾਬ ਸਾਫ ਢੰਗ ਨਾਲ ਹੋਣਾ ਚਾਹੀਦਾ ਹੈ। ਉਨ੍ਹਾਂ ਸ਼ਿਕਾਇਤ ਵਿੱਚ ਦੱਸਿਆ ਕਿ ਸੰਗਤ ਵਿੱਚ ਇਸ ਵੱਡੇ ਘਪਲੇਬਾਜ਼ੀ ਕਾਰਨ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ। ਪੁਲਿਸ ਅਧਿਕਾਰੀਆਂ ਨੇ ਸ਼ਿਕਾਇਤ ਦੇ ਅਧਾਰ 'ਤੇ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ ਦਲਜੀਤ ਸਿੰਘ ਗਿੱਲ ਅਤੇ ਜਗਦੀਸ਼ ਸਿੰਘ ਰਾਠੌਰ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ।

**ਕੀ ਹੈ ਪੁਲਿਸ ਦੀ ਸਿੱਟਾ ਰਿਪੋਰਟ**

ਪੁਲਿਸ ਉੱਚ ਅਧਿਕਾਰੀਆਂ ਵਲੋਂ ਜਦੋਂ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਪਾਇਆ ਕਿ ਦਲਜੀਤ ਸਿੰਘ ਗਿੱਲ ਤੇ ਜਗਦੀਸ਼ ਸਿੰਘ ਰਾਠੌਰ ਨੇ ਵੱਖ-ਵੱਖ ਮਿਤੀਆਂ ਨੂੰ ਆਪਣੇ ਨਿੱਜੀ ਅਤੇ ਰਿਸ਼ਤੇਦਾਰਾਂ ਦੇ ਖਾਤਿਆਂ ਵਿੱਚ ਗੁਰਦੁਆਰਾ ਗਨੀ ਖਾਂ ਨਬੀ ਖਾਂ ਸਾਹਿਬ ਮਾਛੀਵਾੜਾ ਦੇ ਖਾਤੇ 'ਚੋਂ ਗਲਤ ਢੰਗ ਨਾਲ ਹੇਰਾ ਫੇਰੀ ਨਾਲ ਪੈਸੇ ਭੇਜ ਕੇ ਹੜੱਪਣ ਦੀ ਨੀਅਤ ਨਾਲ ਧੋਖਾਧੜੀ ਕੀਤੀ ਹੈ। ਪ੍ਰਿਲਸ ਅਨੁਸਾਰ ਜੇਕਰ ਇਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦਾ ਕੰਮ ਚਲਾਇਆ ਸੀ ਤਾਂ ਪੈਸਿਆਂ ਦੀ ਅਦਾਇਗੀ ਸਿੱਧੇ ਤੌਰ 'ਤੇ ਸਬੰਧਿਤ ਠੇਕੇਦਾਰ ਦੇ ਖਾਤੇ, ਦੁਕਾਨਦਾਰਾਂ ਦੇ ਖਾਤੇ ਵਿੱਚ ਭੇਜਣੀ ਚਾਹੀਦੀ ਸੀ ਜੋ ਇਨ੍ਹਾਂ ਨੇ ਨਹੀਂ ਭੇਜੀ। ਜਗਦੀਸ਼ ਸਿੰਘ ਰਾਠੌਰ ਤੇ ਦਲਜੀਤ ਸਿੰਘ ਗਿੱਲ ਨੇ ਆਪਣੇ ਨਿੱਜੀ ਖਾਤਿਆਂ ਵਿੱਚ ਪੈਸੇ ਭੇਜ ਕੇ ਨਿੱਜੀ ਲਾਭ ਲਈ ਵਰਤੇ ਹਨ, ਅਤੇ ਆਪਣੇ ਨਜ਼ਦੀਕੀ ਵਿਅਕਤੀਆਂ ਨੂੰ ਲਾਭ ਪਹੁੰਚਾਇਆ ਹੈ। ਫਿਲਹਾਲ ਮੁੱਢਲੀ ਪੜਤਾਲ ਦੌਰਾਨ ਉਕਤ ਦੋਵਾਂ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕੀਤਾ ਹੈ।

# ਮਿਲਕ ਪਲਾਂਟ ਵੇਰਕਾ ਵਿਖੇ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ

ਅੰਮ੍ਰਿਤਸਰ,(ਲੋਕ ਬਾਣੀ) ) - ਮਿਲਕ ਪਲਾਂਟ ਵੇਰਕਾ ਵੱਲੋਂ ਜਰਨਲ ਮੈਨੇਜਰ ਬਿਕਰਮਜੀਤ ਸਿੰਘ ਮਾਹਲ ਦੀ ਦੇਖ-ਰੇਖ ਵਿੱਚ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ।ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਮਾਹਿਰ ਹਾਰਟ ਸਰਜਨ ਅਤੇ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਮੈਨੇਜਿੰਗ ਡਾਇਰੈਕਟਰ ਡਾ.ਮੰਨਨ ਆਨੰਦ ਨੇ ਲਗਭਗ 120 ਮਰੀਜ਼ਾਂ ਦੀ ਜਾਂਚ ਕੀਤੀ ਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਮੌਕੇ ਲੋੜਵੰਦ ਮਰੀਜ਼ਾਂ ਦੀ ਸ਼ੂਗਰ ਮੁਫਤ ਟੈਸਟ ਕੀਤੀ ਗਈ।ਇਸ ਮੌਕੇ ਜੀ.ਐਮ ਮਾਹਲ ਨੇ ਕਿਹਾ ਕਿ ਸਪੈਲਿਸਟ ਡਾਕਟਰਾਂ ਦੇ ਕੈਂਪ ਲਗਾਉਣ ਨਾਲ ਲੋੜਵੰਦਾਂ ਨੂੰ ਕਾਫੀ ਫਾਇਦਾ ਮਿਲਦਾ ਹੈ ਅਤੇ ਉਨ੍ਹਾਂ ਨੂੰ ਅਪਣੀ ਬਿਮਾਰੀ ਦਾ ਪਤਾ ਲੱਗ ਜਾਂਦਾ ਹੈ।

ਇਸ ਮੌਕੇ ਡਾ.ਮੰਨਨ ਆਨੰਦ ਨੇ ਦੱਸਿਆ ਕਿ ਜਨਤਾ ਹਸਪਤਾਲ ਵੱਲੋਂ ਵੱਖ-ਵੱਖ ਜਗ੍ਹਾਂ ਤੇ ਮੁਫਤ ਮੈਡੀਕਲ ਕੈਂਪ ਲਗਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਤਾਂ ਕਿ ਇੰਨ੍ਹਾਂ ਕੈਂਪਾਂ ਦਾ ਫਾਇਦਾ ਲੋੜਵੰਦ ਮਰੀਜ਼ ਉਠਾ ਸਕਣ।ਉਨ੍ਹਾਂ ਦੱਸਿਆ ਕਿ ਸ਼ੂਗਰ ਅਤੇ ਦਿਲ ਦੀਆਂ ਬਿਮਾਰੀਆਂ ਦੇ ਲਈ ਅਪਣੇ ਆਪ ਦਵਾਈ ਨਹੀਂ ਖਾਣੀ ਚਾਹੀਦੀ ਸਗੋਂ ਮਾਹਿਰ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।ਉਨ੍ਹਾਂ ਦੱਸਿਆ ਕਿ ਜਨਤਾ ਹਸਪਤਾਲ ਵਿੱਚ ਈ.ਐਸ.ਆਈ ਮਰੀਜ਼ਾਂ ਲਈ ਵਿਸ਼ੇਸ਼ ਇਲਾਜ਼ ਦੀ ਸੁਵਿਧਾ ਹੈ.ਇਸ ਮੌਕੇ ਮਿਲਕ ਪਲਾਂਟ ਵੇਰਕਾ ਦੇ ਪ੍ਰੋਡਕਸ਼ਨ ਮੈਨੇਜਰ ਪਰਿਤੋਸ਼ ਮਿਸ਼ਰਾ, ਸੰਦੀਪ ਸਿੰਘ ਮੈਨੇਜਰ ਮਾਰਕੀਟਿੰਗ,ਹਜ਼ੂਰ ਸਿੰਘ ਮੈਨੇਜਰ ਅਮਲਾ,ਗੁਰਪਾਲ ਸਿੰਘ ਮੈਨੇਜਰ ਐਮ.ਐਮ.ਐਮ.ਪੀ,ਦਰਸ਼ਪ੍ਰੀਤ ਕੌਰ ਮੈਨੇਜਰ ਅਕਾਊਂਟ, ਯੂਨੀਅਨ ਦੇ ਪ੍ਰਧਾਨ ਸੁੱਖਵਿੰਦਰ ਸਿੰਘ ਸੋਢੀ,ਮਿੰਟੂ ਕਲਸੀ,ਅਮਿਤ ਰਾਮਪਾਲ,ਡਾ.ਵਿਸ਼ਾਲ ਸਲਵਾਨ, ਨਵਪ੍ਰੀਤ ਕੌਰ,ਕੰਵਲਜੀਤ ਕੌਰ ਲਾਲੀ,ਅਮਨ ਸਿੰਘ, ਕੰਵਲਜੀਤ ਸਿੰਘ ਵਾਲੀਆ,ਬਲਦੇਵ ਸਿੰਘ,ਜਤਿੰਦਰ ਕੌਰ ਆਦਿ ਹਾਜ਼ਰ ਸਨ।




# ਪਟਾਕਿਆਂ ਦੀ ਵਿਕਰੀ ਲਈ ਆਰਜ਼ੀ ਲਾਇਸੈਂਸਾਂ ਵਾਸਤੇ ਡਰਾਅ 18 ਅਕਤੂਬਰ ਨੂੰ: ਜ਼ਿਲ੍ਹਾ ਮੈਜਿਸਟ੍ਰੇਟ

ਬਰਨਾਲਾ, (ਲੋਕ ਬਾਣੀ) ਦੀਵਾਲੀ/ਗੁਰਪੁਰਬ ਦੇ ਮੱਦੇਨਜ਼ਰ ਗਰੀਨ ਪਟਾਕਿਆਂ ਦੇ ਆਰਜ਼ੀ ਲਾਇਸੈਂਸ ਲਈ ਅਪਲਾਈ ਕਰਨ ਵਾਲਿਆਂ ਲਈ ਡਰਾਅ 18 ਅਕਤੂਬਰ ਨੂੰ ਕੱਢੇ ਜਾਣਗੇ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਪ੍ਰਾਪਤ ਹੋਈਆਂ ਦਰਖਾਸਤਾਂ ਅਨੁਸਾਰ ਡਰਾਅ ਰਾਹੀਂ ਆਰਜ਼ੀ ਲਾਇਸੈਂਸ ਜਾਰੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪਬਲਿਕ ਪਟਾਕਿਆਂ ਦੀ ਵਿਕਰੀ ਲਈ 7 ਅਕਤੂਬਰ ਤੋਂ 9 ਅਕਤੂਬਰ ਤੱਕ ਅਸਥਾਈ ਲਾਇਸੈਂਸ ਲੈਣ ਲਈ ਸੇਵਾ ਕੇਂਦਰਾਂ ਤੇ ਅਪਲਾਈ ਕੀਤਾ ਜਾ ਸਕੇਗਾ, ਜਿਸ ਸਬੰਧੀ 18 ਅਕਤੂਬਰ ਨੂੰ ਡਰਾਅ ਕੱਢਿਆ ਜਾਵੇਗਾ। ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਮੈਰਿਜ ਪੈਲੇਸਾਂ ਵਿੱਚ ਵਿਆਹ ਅਤੇ ਹੋਰ ਸਮਾਗਮਾਂ ਦੇ ਮੌਕੇ ਪਟਾਖੇ ਚਲਾਉਣ ਲਈ ਵੱਖਰਾ ਲਾਇਸੈਂਸ ਲੈਣਾ ਹੋਵੇਗਾ, ਜਿਸ ਦੀ ਪੂਰਨ ਜ਼ਿੰਮੇਵਾਰੀ ਮੈਰਿਜ ਪੈਲੇਸ ਦੇ ਮਾਲਕ ਦੀ ਹੋਵੇਗੀ। ਇਸ ਮੌਕੇ ਉਨ੍ਹਾਂ ਦੱਸਿਆ ਕਿ ਮਾਣਯੋਗ ਸੁਪਰੀਮ ਕੋਰਟ ਦੀਆਂ ਦੇ ਦਿਸ਼ਾ ਨਿਰਦੇਸ਼ਾਂ ਦੀ ਰੌਸ਼ਨੀ ਵਿੱਚ ਗਰੀਨ ਪਟਾਕਿਆਂ ਲਈ ਹੀ ਲਾਈਸੈਂਸ ਜਾਰੀ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਲਾਇਸੈਂਸ ਧਾਰਕ ਲੋੜੀਂਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਪਟਾਕਿਆਂ ਦੀ ਵਿਕਰੀ ਨਿਰਧਾਰਤ ਥਾਵਾਂ ਤੇ ਹੀ ਕੀਤੀ ਜਾ ਸਕੇਗੀ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
82880 21797
82880 21798
WWW.JSDCGROUP.COM
JSDC GROUP - INDIA

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

St. Soldier GROUP OF INSTITUTIONS SINCE 1958
EDUCATIONAL 64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022 - 2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.*• Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed.• D.El.Ed.• B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565